ਸੰਮਤ: ੫੫੭ ਨਾਨਕਸ਼ਾਹੀ
ਸਾਕਾ: ੨੨੦
Weekly Paper
ਸਪਤਾਹਕ ਪਤਰ

੧ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ ॥

# ਖ਼ਾਲਸਾ ਅਖ਼ਬਾਰ

੧੬ ਮੱਘਰ ਸੰਨ ੨੦੨੫ Monday, 1 December

ਮੁੱਖ ਸੰਪਾਦਕ
ਗਿਆਨੀ ਗੁਰਜੀਤ ਸਿੰਘ ਪਟਿਆਲਾ
ਸੰਪਾਦਕ: ਗੁਰਪ੍ਰੀਤ ਸਿੰਘ
ਉਪ ਸੰਪਾਦਕ: ਮੇਜਰ ਸਿੰਘ
ਅੰਗਰੇਜ਼ੀ ਸੰਪਾਦਿਕਾ: ਮਨਪ੍ਰੀਤ ਕੌਰ

www.khalsaakhbbar.com ਸੰਪਰਕ: +44 7491374913 khalsaakhbaar@gmail.com editor@khalsaakhbaar.com







ਰਣਜੀਤ ਸਿੰਘ ਦਮਦਮੀ ਟਕਸਾਲ

## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਅਤੇ ਹਿੰਦੂਤਵੀਆਂ ਦੀ ਅਕ੍ਰਿਤਘਣਤਾ

ਅੱਜ ਜਦੋਂ ਨੌਵੇਂ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦਾ 350 ਸਾਲਾ ਸ਼ਹੀਦੀ ਦਿਹਾੜਾ ਮਨਾਇਆ ਜਾ ਰਿਹਾ ਹੈ ਤਾਂ ਸਿੱਖ ਕੌਮ ਨੂੰ ਹਿੰਦੂਤਵੀ ਹਾਕਮਾਂ ਦੀ ਅਕ੍ਰਿਤਘਣਤਾ ਚੁੱਭ ਰਹੀ ਹੈ। ਗੁਰੂ ਪਾਤਸ਼ਾਹ ਨੇ ਜਿਨ੍ਹਾਂ ਦਾ ਧਰਮ ਬਚਾਇਆ ਅਤੇ ਤਿਲਕ, ਜੰਞੂ, ਧੋਤੀ, ਬੋਧੀ ਤੇ ਟੋਪੀ ਦੀ ਰੱਖਿਆ ਕੀਤੀ ਅੱਜ ਓਹੀ ਲੋਕ ਹਾਕਮ ਬਣ ਕੇ ਸਿੱਖਾਂ ਦੇ ਧਰਮ ਨੂੰ ਮਲੀਆਮੇਟ ਕਰਨਾ ਚਾਹੁੰਦੇ ਹਨ। ਸਾਡੀ ਵੱਖਰੀ ਪਛਾਣ, ਨਿਆਰੇਪਣ ਤੇ ਅੱਡਰੀ ਹੋਂਦ-ਹਸਤੀ ਉੱਤੇ ਸਵਾਲੀਆ ਨਿਸ਼ਾਨ ਲਗਾ ਰਹੇ ਹਨ। ਉਹਨਾਂ ਨੂੰ ਸਾਡੇ ਸਿੱਖੀ ਸਰੂਪ, ਦਸਤਾਰ, ਕਕਾਰ, ਦਾਹੜੇ ਅਤੇ ਪਹਿਰਾਵੇ ਤੋਂ ਨਫ਼ਰਤ ਹੈ। ਉਹ ਸਿੱਖਾਂ ਦੀ ਸਰੀਰਕ, ਮਾਨਸਿਕ ਤੇ ਸਿਧਾਂਤਕ ਨਸਲਕੁਸ਼ੀ ਕਰ ਰਹੇ ਹਨ ਜਿਸ ਨੂੰ ਵੇਖ ਕੇ ਇੰਝ ਲੱਗਦਾ ਹੈ ਕਿ ਔਰੰਗਜ਼ੇਬ ਦੀ ਸੋਚ, ਕੱਟੜਤਾ ਅਤੇ ਬਦਕਾਰ ਰੂਹ ਅਜੋਕੇ ਹਿੰਦੂਤਵੀ ਹਾਕਮਾਂ 'ਚ ਵੜ ਚੁੱਕੀ ਹੈ। ਪਹਿਲੇ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਨੌਂ ਸਾਲ ਦੀ ਉਮਰ ਵਿੱਚ ਜਨੇਊ ਪਹਿਨਣ ਤੋਂ ਨਾ ਕੀਤੀ ਅਤੇ ਇਹਨਾਂ ਹਿੰਦੂ ਕਰਮ-ਕਾਂਡਾਂ ਦਾ ਡਟਵਾਂ ਵਿਰੋਧ ਕਰਦਿਆਂ ਪੰਡਿਤ ਨੂੰ ਕਿਹਾ ਸੀ ਕਿ

'ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥
ਨਾ ਏਹੁ ਤੁਟੈ ਨਾ ਮਲੁ ਲਗੈ ਨਾ ਏਹੁ ਜਲੈ ਨ ਜਾਇ ॥ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥'

ਗੁਰੂ ਨਾਨਕ ਸਾਹਿਬ ਦੀ ਇਹ ਗੱਲ ਸੁਣ ਕੇ ਬ੍ਰਾਹਮਣਵਾਦ ਓਦੋਂ ਤੋਂ ਹੀ ਪ੍ਰਗਟ ਹੋ ਰਹੇ ਨਵੇਂ ਸਿੱਖ ਧਰਮ ਦਾ ਵੈਰੀ ਬਣ ਗਿਆ ਸੀ। ਫਿਰ ਪੰਜਵੇਂ ਪਾਤਸ਼ਾਹ ਨੂੰ ਵੀ ਸ਼ਹੀਦ ਕਰਵਾਉਣ ਵਿੱਚ ਚੰਦੂ ਨੇ ਅਹਿਮ ਰੋਲ ਨਿਭਾਇਆ। ਫਿਰ ਜਦੋਂ ਮੁਗਲ ਬਾਦਸ਼ਾਹ ਔਰੰਗਜ਼ੇਬ ਦਾ ਸਮਾਂ ਆਇਆ ਤਾਂ ਉਸ ਨੇ ਤਲਵਾਰ ਦੇ ਜ਼ੋਰ ਨਾਲ ਹਿੰਦੂ ਧਰਮ ਨੂੰ ਖ਼ਤਮ ਕਰਨ ਦੀ ਠਾਣ ਲਈ ਤੇ ਹਰ ਰੋਜ਼ ਹਿੰਦੂਆਂ ਦਾ ਕਤਲੇਆਮ ਹੋਣ ਲੱਗਾ। ਔਰੰਗਜ਼ੇਬ ਨੇ ਸੋਚਿਆ ਕਿ ਹੁਣ ਸਭ ਤੋਂ ਪਹਿਲਾਂ ਕਸ਼ਮੀਰ ਦੇ ਵਿਦਵਾਨ ਪੰਡਤਾਂ-ਬ੍ਰਾਹਮਣਾਂ ਨੂੰ ਇਸਲਾਮ ਵਿੱਚ ਲਿਆਂਦਾ ਜਾਏ ਜਿਸ ਤੋਂ ਬਾਅਦ ਪੂਰਾ ਹਿੰਦੂ ਸਮਾਜ ਹੀ ਉਹਨਾਂ ਤੋਂ ਪ੍ਰਭਾਵਿਤ ਹੋ ਕੇ ਤੇ ਮੇਰੇ ਜ਼ੁਲਮ ਤੋਂ ਡਰ ਕੇ ਮੁਸਲਮਾਨ ਬਣ ਜਾਏਗਾ। ਔਰੰਗਜ਼ੇਬ ਦੇ ਇਸ ਫੁਰਮਾਨ ਨਾਲ ਕਸ਼ਮੀਰੀ ਪੰਡਤਾਂ 'ਤੇ ਅਜਿਹਾ ਜ਼ੁਲਮ ਸ਼ੁਰੂ ਹੋਇਆ ਕਿ ਸਾਰੇ ਪਾਸੇ ਹਾਹਾਕਾਰ ਮੱਚ ਗਈ। ਇਸ ਧਰਮ ਦੇ ਮੰਦਰ ਅਤੇ ਥੰਮ ਹ ਡਿੱਗ ਪਏ ਤੇ ਜਦੋਂ ਇਹਨਾਂ ਨੂੰ ਆਪਣਾ ਅੰਤ ਦਿਸਣ ਲੱਗਾ, ਕਿਸੇ ਦੇਵੀ-ਦੇਵਤੇ ਨੇ ਵੀ ਕੋਈ ਬਾਂਹ ਨਾ ਫੜੀ ਤਾਂ ਫਿਰ ਕਸ਼ਮੀਰੀ ਪੰਡਤ ਇਕੱਠੇ ਹੋ ਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਰਨ ਵਿੱਚ ਆਏ। ਤੇ ਉਸ ਸਮੇਂ ਪੰਡਤਾਂ ਦਾ ਬੁਰਾ ਹਾਲ ਵੇਖ ਕੇ ਨੌਂ ਸਾਲ ਦੀ ਉਮਰ ਵਿੱਚ ਬਾਲ ਗੋਬਿੰਦ ਰਾਏ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਨੇ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਆਖਿਆ ਸੀ ਕਿ 'ਪਿਤਾ ਜੀ ਤੁਹਾਡੇ ਤੋਂ ਵੱਡਾ ਇਸ ਦੁਨੀਆਂ ਉੱਤੇ ਕੋਈ ਮਹਾਂਪੁਰਸ਼ ਨਹੀਂ, ਤੁਸੀਂ ਆਪਣੀ ਸ਼ਹਾਦਤ ਦੇ ਕੇ ਹਿੰਦੂ ਧਰਮ ਦੀ ਰੱਖਿਆ ਕਰੋ।' ਇਸ ਗੱਲ ਵਿੱਚ ਕਿੰਨੀ ਮਹਾਨਤਾ ਹੈ ਕਿ ਨੌਂ ਸਾਲ ਦੀ ਉਮਰ ਵਿੱਚ ਗੁਰੂ ਨਾਨਕ ਸਾਹਿਬ ਜੀ ਜੰਞੂ ਪਾਉਣ ਤੋਂ ਇਨਕਾਰ ਕਰਦੇ ਹਨ, ਫਿਰ ਨੌਂ ਸਾਲ ਦੀ ਉਮਰ ਵਿੱਚ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਪਿਤਾ ਜੀ ਨੂੰ ਸੀਸ ਵਾਰਨ ਲਈ ਆਖਦੇ ਹਨ ਤੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਭਾਵੇਂ ਹਿੰਦੂ-ਵਿਸ਼ਵਾਸਾਂ, ਰੀਤੀ-ਰਿਵਾਜਾਂ ਤੇ ਤਿਲਕ-ਜਨੇਊ ਦੇ ਧਾਰਨੀ ਨਹੀਂ ਸਨ ਪਰ ਫਿਰ ਵੀ ਉਹ ਹਿੰਦੂ ਧਰਮ ਉੱਤੇ ਪਰਉਪਕਾਰ ਕਰਦਿਆਂ ਉਹਨਾਂ ਦੇ ਧਰਮ ਦੀ ਰਾਖੀ, ਧਾਰਮਿਕ ਅਜ਼ਾਦੀ ਅਤੇ ਮਨੁੱਖੀ ਹੱਕਾਂ ਲਈ ਆਪਣੀ ਸ਼ਹਾਦਤ ਖ਼ੁਦ ਦਿੱਲੀ ਜਾ ਕੇ ਦਿੰਦੇ ਹਨ। ਇਹ ਸੰਸਾਰ ਉੱਤੇ ਪਹਿਲੀ ਮਹਾਨ ਘਟਨਾ ਹੈ ਜਦੋਂ ਕਿਸੇ ਗੁਰੂ, ਅਵਤਾਰ ਜਾਂ ਪੈਗੰਬਰ ਨੇ ਕਿਸੇ ਹੋਰ ਧਰਮ ਦੀ ਰਾਖੀ ਲਈ ਆਪਣੀ ਸ਼ਹਾਦਤ ਦਿੱਤੀ ਹੋਵੇ। ਇਸ ਗੱਲ ਦੀ ਵਿਆਖਿਆ ਬਹੁਤ ਵੱਡੀ ਹੈ ਜੋ ਕਦੇ ਮੁੱਕ ਹੀ ਨਹੀਂ ਸਕਦੀ। ਇਹ ਕਿੰਨੀ ਵਿਸ਼ਾਲ, ਮਹਾਨ ਤੇ ਅਨੋਖੀ ਕੁਰਬਾਨੀ ਅਤੇ ਵਚਿੱਤਰ ਕਾਰਨਾਮਾ ਹੈ ਜਿਸ ਦੀ ਹੋਰ ਕਿਧਰੇ ਮਿਸਾਲ ਹੀ ਨਹੀਂ ਮਿਲਦੀ।

ਜਿਸ ਬਾਰੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਆਪਣੀ ਰਚਨਾ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਵਿੱਚ ਲਿਖਦੇ ਹਨ ਕਿ

'ਠੀਕਰ ਫੋਰਿ ਦਿਲੀਸ ਸਿਰਿ ਪ੍ਰਭ ਪੁਰਿ ਕੀਯਾ ਪਯਾਨ ॥ਤੇਗ ਬਹਾਦੁਰ ਸੀ ਕ੍ਰਿਆ ਕਰੀ ਨ ਕਿਨਹੂੰ ਆਨਿ ॥'
ਅਤੇ 'ਤਿਲੁਕ ਜੰਞੂ ਰਾਖਾ ਪ੍ਰਭ ਤਾ ਕਾ ॥ਕੀਨੋ ਬਡੋ ਕਲੂ ਮਹਿ ਸਾਕਾ ॥ਸਾਧਨੁ ਹੇਤਿ ਇਤੀ ਜਿਨਿ ਕਰੀ ॥
ਸੀਸੁ ਦੀਆ ਪਰ ਸੀ ਨ ਉਚਰੀ ॥ਧਰਮ ਹੇਤ ਸਾਕਾ ਜਿਨਿ ਕੀਆ ॥ਸੀਸੁ ਦੀਆ ਪਰੁ ਸਿਰਰੁ ਨ ਦੀਆ ॥

ਇਸ ਬਾਰੇ ਸ੍ਰੀ ਗੁਰ ਸੋਭਾ ਦਾ ਲਿਖਾਰੀ ਕਵੀ ਸੈਨਾਪਤਿ ਨੇ ਲਿਖਿਆ ਹੈ ਕਿ '
ਪ੍ਰਗਟ ਭਏ ਗੁਰ ਤੇਗ ਬਹਾਦਰ। ਸਗਲ ਸ੍ਰਿਸਟਿ ਪੈ ਢਾਪੀ ਚਾਦਰ। ਸਗਲ ਸ੍ਰਿਸ਼ਟਿ ਜਾ ਕਾ ਜਸ ਭਯੋ।
ਜਿਹ ਤੇ ਸਰਬ ਧਰਮ ਬੰਚਯੋ। ਤੀਨ ਲੋਕ ਮੈ ਜੈ ਜੈ ਭਈ। ਸਤਿਗੁਰ ਪੈਜ ਰਾਖਿ ਇਮ ਲਈ।
ਤਿਲਕ ਜਨੇਊ ਅਰਿ ਧਰਮ ਸਾਲਾ (ਸਿੱਖ ਧਰਮ)। ਅਟਲ ਕਰੀ ਗੁਰ ਭਏ ਦਿਆਲਾ।'

ਅੱਜ ਜੇਕਰ ਮੰਦਰਾਂ ਵਿੱਚ ਸ਼ਿਵਲਿੰਗ ਪੂਜੇ ਜਾਂਦੇ ਹਨ, ਟੱਲ ਖੜਕਦੇ ਹਨ ਤਾਂ ਇਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਹੀ ਦੇਣ ਹੈ। ਹਿੰਦੂਆਂ ਵੱਲੋਂ ਮੱਥੇ ਉੱਤੇ ਲਾਇਆ ਜਾਂਦਾ ਤਿਲਕ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਖ਼ੂਨ ਹੈ। ਹਿੰਦੁਸਤਾਨ ਅਤੇ ਹਿੰਦੂ ਧਰਮ ਦੀ ਹੋਂਦ ਹੀ ਗੁਰੂ ਸਾਹਿਬਾਨਾਂ ਅਤੇ ਸਿੱਖਾਂ ਕਰਕੇ ਹੈ। ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਵਿੱਚੋਂ ਹੀ ਖ਼ਾਲਸਾ ਪ੍ਰਗਟ ਹੋਇਆ ਸੀ ਜਿਸ ਨੇ ਮੁਗਲਾਂ ਦੇ ਜ਼ੁਲਮੀਂ ਰਾਜ ਦਾ ਅੰਤ ਕੀਤਾ ਤੇ ਲੰਬਾ ਸੰਘਰਸ਼ ਅਤੇ ਜੰਗਾਂ ਕਰਕੇ ਬਾਬਾ ਬੰਦਾ ਸਿੰਘ ਜੀ ਬਹਾਦਰ, ਸਿੱਖ ਮਿਸਲਾਂ ਦੇ ਸਰਦਾਰਾਂ ਅਤੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਖ਼ਾਲਸਾ ਰਾਜ ਸਥਾਪਿਤ ਕੀਤਾ ਸੀ।

ਅਫ਼ਸੋਸ ਕਿ ਹਿੰਦੂ ਹਾਕਮਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਸਿੱਖ ਕੌਮ ਦੇ ਅਹਿਸਾਨਮੰਦ ਹੋਣ ਦੀ ਬਜਾਏ ਪਹਿਲਾਂ ਜੂਨ 1984 ਵਿੱਚ ਸ੍ਰੀ ਦਰਬਾਰ ਸਾਹਿਬ ਉੱਤੇ ਹਮਲਾ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ-ਢੇਰੀ ਕਰ ਦਿੱਤਾ ਤੇ ਫਿਰ ਨਵੰਬਰ 1984 ਵਿੱਚ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਸੀਸ ਗੰਜ ਸਾਹਿਬ ਨੂੰ ਹੀ ਅੱਗ ਲਾ ਦਿੱਤੀ। ਉਸੇ ਦਿੱਲੀ ਸ਼ਹਿਰ ਅਤੇ ਭਾਰਤ ਦੇ ਹੋਰ ਸੂਬਿਆਂ ਵਿੱਚ ਕਈ ਗੁਰਦੁਆਰਿਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਨੂੰ ਅੱਗਾਂ ਲਾਈਆਂ ਗਈਆਂ, ਫ਼ ਰਕੂ ਹਿੰਦੂਵਾਦੀ ਭੀੜਾਂ ਨੇ ਸਿੱਖਾਂ ਨੂੰ ਉਸੇ ਤਰ੍ਹਾਂ ਮਾਰਿਆ ਜਿਵੇਂ ਔਰੰਗਜ਼ੇਬ ਨੇ ਹਿੰਦੂਆਂ ਨੂੰ ਮਾਰਿਆ ਸੀ। ਜਿਵੇਂ ਔਰੰਗਜ਼ੇਬ ਨੇ ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰ ਕੇ, ਭਾਈ ਦਿਆਲਾ ਨੂੰ ਦੇਗ ਵਿੱਚ ਉਬਾਲ ਕੇ ਤੇ ਭਾਈ ਸਤੀ ਦਾਸ ਨੂੰ ਰੂੰ ਵਿੱਚ ਲਪੇਟ ਕੇ ਸ਼ਹੀਦ ਕੀਤਾ ਸੀ ਇਸੇ ਤਰ੍ਹਾਂ ਹਿੰਦੂਆਂ ਨੇ ਸਿੱਖਾਂ ਦੇ ਗਲਾਂ ਵਿੱਚ ਬਲ ਦੇ ਟਾਇਰ ਪਾਏ, ਸਿੱਖਾਂ ਦੀ ਹਿੱਕ ਵਿੱਚ ਤ੍ਰਿਸ਼ੂਲ ਖੋਭੇ, ਸਿੱਖਾਂ ਦੇ ਸਰੀਰਾਂ ਦੇ ਟੋਟੇ-ਟੋਟੇ ਕੀਤੇ, ਘਰਾਂ-ਜਾਇਦਾਦਾਂ ਨੂੰ ਸਾੜ-ਫੂਕ ਦਿੱਤਾ ਤੇ ਬੀਬੀਆਂ ਦੀ ਵੀ ਸ਼ਰੇ-ਬਜ਼ਾਰ ਪੱਤ ਲੁੱਟੀ ਤੇ ਨਾਹਰੇ ਲਗਾਏ ਕਿ 'ਮਾਰੋ ਸਰਦਾਰੋਂ ਕੋ, ਦੇਸ਼ ਕੇ ਗਦਾਰੋਂ ਕੋ।' ਸਿੱਖਾਂ ਨੂੰ ਅੱਗ ਵਿੱਚ ਮੱਚਦਿਆਂ ਵੇਖ ਹਿੰਦੂਆਂ ਨੇ ਕਿਹਾ ਕਿ 'ਦੇਖੋ ਸਿੱਖੜਾ ਨਾਚ ਰਿਹਾ ਹੈ।' ਸਿੱਖਾਂ ਉੱਤੇ ਹਿੰਦੂਆਂ ਵੱਲੋਂ ਕੀਤੇ ਜ਼ੁਲਮ ਦੀ ਇੰਤਹਾ ਹੋ ਗਈ ਜਿਸ ਨੇ ਔਰੰਗਜ਼ੇਬ ਦੇ ਜ਼ੁਲਮਾਂ ਅਤੇ ਤਸੀਹਿਆਂ ਨੂੰ ਵੀ ਮਾਤ ਪਾ ਦਿੱਤੀ। ਹਿੰਦੂ ਹਾਕਮਾਂ ਦੇ ਇਸ ਵਤੀਰੇ ਬਾਰੇ ਕਹਿਣਾ ਪਏਗਾ ਕਿ 'ਤਿਲਕ-ਜਨੇਊ ਦੀ ਰੱਖਿਆ ਦਾ, ਓਨਾ ਕਰਜ ਉਤਾਰਿਆ ਸੀ। ਬਲ ਦੇ ਟਾਇਰ ਗਲਾਂ ਵਿੱਚ ਪਾ ਕੇ, ਗੁਰੂ-ਪੁੱਤਰਾਂ ਨੂੰ ਮਾਰਿਆ ਸੀ। ਭਾਰਤ ਵਿੱਚ ਸਰਕਾਰਾਂ ਤਾਂ ਭਾਵੇਂ ਬਦਲ ਗਈਆਂ, ਕਾਂਗਰਸ ਤੋਂ ਬਾਅਦ ਭਾਜਪਾਈ-ਸੰਘੀ ਹਾਕਮ ਬਣੇ ਪਰ ਸਿੱਖਾਂ ਨਾਲ ਵਤੀਰਾ ਜਿਉਂ ਦਾ ਤਿਉਂ ਕਾਇਮ ਰਿਹਾ। ਇਸੇ ਲਈ ਸਿੱਖ ਇਹ ਨਹੀਂ ਕਹਿੰਦੇ ਕਿ 'ਸਾਰੇ ਜਹਾਂ ਸੇ ਅੱਛਾ ਹਿੰਦੁਸਤਾਨ ਹਮਾਰਾ।' ਸਗੋਂ ਸਿੱਖ ਆਖਦੇ ਹਨ ਕਿ 'ਮੁੱਦਤੇਂ ਗੁਜਰੀਂ ਹੈ ਰੰਜੋ-ਗਮ ਸਹਿਤੇ ਹੂਏ, ਅਬ ਸ਼ਰਮ ਸੀ ਆਤੀ ਹੈ ਇਸ ਵਤਨ ਕੋ ਵਤਨ ਕਹਿਤੇ ਹੂਏ।' ਤੇ ਸਿੱਖ ਆਪਣੇ ਕੌਮੀ ਘਰ ਖ਼ਾਲਿਸਤਾਨ ਦੀ ਅਜ਼ਾਦੀ ਲਈ ਸੰਘਰਸ਼ਸ਼ੀਲ ਹਨ।

ਇੱਥੇ ਲਗਾਤਾਰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀਆਂ ਬੇਅਦਬੀਆਂ ਹੋ ਰਹੀਆਂ ਨੇ, ਸਰਕਾਰਾਂ ਨੂੰ ਦੋਸ਼ੀ ਲੱਭਦੇ ਨਹੀਂ, ਕੋਈ ਇਨਸਾਫ਼ ਨਹੀਂ। ਛੇਵੇਂ ਪਾਤਸ਼ਾਹ ਨੇ ਗਵਾਲੀਅਰ ਦੇ ਕਿਲ੍ਹੇ ਵਿੱਚੋਂ 52 ਹਿੰਦੂ ਕੈਦੀ ਰਾਜੇ ਰਿਹਾਅ ਕਰਵਾਏ ਸਨ ਪਰ ਅੱਜ ਦੇ ਹਿੰਦੂ ਹਾਕਮ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਜੋ ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਵੀ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ, ਭਾਈ ਜਗਤਾਰ ਸਿੰਘ ਤਾਰਾ, ਭਾਈ ਪਰਮਜੀਤ ਸਿੰਘ ਭਿਓਰਾ, ਭਾਈ ਬਲਵੰਤ ਸਿੰਘ ਰਾਜੋਆਣਾ, ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ ਅਤੇ ਭਾਈ ਗੁਰਦੀਪ ਸਿੰਘ ਖੈੜਾ ਨੂੰ ਰਿਹਾਅ ਕਰਨ ਲਈ ਤਿਆਰ ਨਹੀਂ ਤੇ ਉਲ ਟਾ ਅਨੇਕਾਂ ਸਿੱਖਾਂ ਨੂੰ ਹੋਰ ਬੰਦੀ ਬਣਾਇਆ ਜਾ ਰਿਹਾ ਹੈ। ਸਾਡੇ ਹੱਕ-ਹਕੂਕ ਖੋਹੇ ਜਾ ਰਹੇ ਹਨ, ਆਰ.ਐਸ.ਐਸ. ਅਤੇ ਭਾਜਪਾ ਨੇ ਸਿੱਖਾਂ ਦਾ ਹਿੰਦੂਕਰਨ ਕਰਨ 'ਤੇ ਪੂਰਾ ਜ਼ੋਰ ਲਗਾਇਆ ਹੋਇਆ ਹੈ, ਗੁਰੂ ਸਾਹਿਬਾਨਾਂ ਦੀ ਵਿਚਾਰਧਾਰਾ ਨੂੰ ਸੱਟ ਮਾਰੀ ਜਾ ਰਹੀ ਹੈ ਤੇ ਸਿੱਖਾਂ ਨੂੰ ਹਰ ਰੋਜ਼ ਗੁਲਾਮੀ ਦਾ ਅਹਿਸਾਸ ਕਰਵਾਇਆ ਜਾਂਦਾ ਹੈ। ਇਸ ਲਈ ਅੱਜ ਕਹਿਣਾ ਪਏਗਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦਾ ਸ਼ਹੀਦੀ ਦਿਵਸ ਮਨਾਉਣ ਦਾ ਹਿੰਦੂ ਹਾਕਮ ਸਿਰਫ਼ ਢਕਵੰਜ ਰਚ ਰਹੇ ਹਨ, ਉਹ ਅਕ੍ਰਿਤਘਣ ਹਨ ਤੇ ਗੁਰੂ ਸਾਹਿਬ ਜੀ ਦੀ ਸ਼ਹਾਦਤ ਨੂੰ ਉਹ ਭੁੱਲ ਚੁੱਕੇ ਹਨ। ਸਗੋਂ ਉਹ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਨੂੰ ਬਲੀਦਾਨ ਕਹਿ ਕੇ ਅਤੇ ਮਹਾਨ ਗੁਰਸਿੱਖ ਸ਼ਹੀਦ ਭਾਈ ਮਤੀ ਦਾਸ ਜੀ ਨੂੰ ਸ੍ਰੀ ਗੁਰੂ ਮਤੀ ਦਾਸ ਸ਼ਰਮਾ ਕਹਿ ਕੇ ਅਤੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਵੀਰ ਬੰਦਾ ਬੈਰਾਗੀ ਆਖ ਕੇ ਤੇ ਸਿੱਖ ਧਰਮ ਨੂੰ ਹਿੰਦੂ ਧਰਮ ਦਾ ਹੀ ਹਿੱਸਾ ਅਤੇ ਛੋਟੀ ਜਿਹੀ ਸ਼ਾਖਾ ਆਖ ਕੇ ਸਿੱਖ ਕੌਮ ਦਾ ਅਪਮਾਨ ਕਰ ਰਹੇ ਹਨ ਜਿਸ ਬਾਰੇ ਖ਼ਾਲਸਾ ਪੰਥ ਨੂੰ ਸੁਚੇਤ ਹੋਣ ਦੀ ਲੋੜ ਹੈ।

# ਸੰਸਾਰ ਵਿੱਚ ਸ਼ਾਂਤੀ ਲਈ ਗੁਰਮਤਿ ਦੀ ਸਵੀਕਾਰਤਾ ਮਜਬੂਰੀ ਹੈ

ਡਾ. ਸਤਿੰਦਰ ਪਾਲ ਸਿੰਘ

ਅੱਜ ਸੰਸਾਰ ਦੀਆਂ ਮਹਾ ਸ਼ਕਤੀਆਂ ਦਾ ਆਪਸੀ ਟਕਰਾਅ ਪੂਰੇ ਜ਼ੋਰ ’ਤੇ ਹੈ । ਸਮਾਜਿਕ, ਆਰਥਿਕ ਜਾਂ ਸਿਆਸੀ, ਹਰ ਖੇਤਰ ਵਿੱਚ ਤਨਾਵ ਤੇ ਸੰਘਰਸ਼ ਦੀਆਂ ਸਥਿਤੀਆਂ ਬਣੀਆਂ ਹੋਈਆਂ ਹਨ।ਸਿੱਧੇ, ਅਸਿੱਧੇ ਜੁੱਧ ਲੰਮੇ ਖਿੱਚ ਰਹੇ ਹਨ ।ਦੇਸ਼ ਹੋਵੇ ਜਾਂ ਮਨੁੱਖ , ਹਰ ਪ੍ਰਾਪਤੀ ਹੰਕਾਰ ਤੇ ਦੂਜੇ ਲਈ ਨਫਰਤ ਵਿੱਚ ਬਦਲ ਰਹੀ ਹੈ।ਸਮਾਜ ਦਾ ਬਲ ਧਾਰਕ ਸਮੂਹ ਸਾਰੀਆਂ ਕਦਰਾਂ , ਕੀਮਤਾਂ ਤਾਕ ਤੇ ਰੱਖ ਕੇ ਹੋਰ ਬਲ, ਸਮਰਥਾ ਸੰਚਿਤ ਕਰਨ ਤੇ ਆਪਣਾ ਸਿੱਕਾ ਚਲਾਉਣ ਲਈ ਯਤਨਸ਼ੀਲ ਹੈ। ਧਰਮ , ਜਾਤ , ਰੰਗ, ਨਸਲ , ਲਿੰਗ ਦੇ ਵਿਤਕਰੇ ਲਗਾਤਾਰ ਬਦਸ਼ਕਲ ਹੁੰਦੇ ਜਾ ਰਹੇ ਹਨ।ਮਨੁੱਖ ਦੀ ਨਿਜੀ ਜਿੰਦਗੀ ਵਿੱਚ ਨੈਤਿਕਤਾ ਤੇ ਸੱਚ ਲਈ ਕੋਈ ਥਾਂ ਨਹੀਂ ਬਚੀ।ਚੁਫੇਰੇ ਹਨੇਰਾ ਹੀ ਹਨੇਰਾ ਹੈ ।ਹਨੇਰਾ ਇਸ ਕਾਰਨ ਹੈ ਕਿਉਂਕਿ ਸੰਸਾਰ ਨੇ ਸੱਚ, ਸੱਚੀ ਸਿਖਿਆ ਤੋਂ ਮੁਖ ਮੋੜ ਲਿਆ ਹੈ “ਗੁਰ ਬਿਨੁ ਘੋਰ ਅੰਧਾਰ” ।ਅੱਜ ਇਹ ਸਵੀਕਾਰ ਕਰਨ ਤੋਂ ਇਲਾਵਾ ਮਨੁੱਖਤਾਂ ਲਈ ਕੋਈ ਵਿਕਲਪ ਨਹੀਂ ਹੈ ਕਿ ਇੱਕ ਤੇ ਮਾਤਰ ਇੱਕ ਸਿੱਖ ਧਰਮ ਦਰਸ਼ਨ ਹੀ ਹੈ ਜੋ ਨਿਰਾਸ਼ , ਉਦਾਸ ਸੰਸਾਰ ਲਈ ਆਸ ਦਾ ਸੂਰਜ ਹੈ । ਸ਼ਾਂਤੀ ਤੇ ਤਰੱਕੀ ਲਈ ਗੁਰਮਤਿ ਨੂੰ ਸਵੀਕਾਰ ਕਰਨਾ ਸੰਸਾਰ ਦੀ ਮਜਬੂਰੀ ਬਣਦਾ ਜਾ ਰਿਹਾ ਹੈ।

ਮਨੁੱਖ ਦਾ ਕਿਸੇ ਵੀ ਖੇਤਰ ਵਿੱਚ ਤਾਕਤ ਇਕੱਤਰ ਕਰਨ ਦਾ ਅੰਤਮ ਮਨੋਰਥ ਲੋਕ ਪ੍ਰਸ਼ੰਸਾ ਪ੍ਰਾਪਤ ਕਰਣਾ ਹੀ ਹੁੰਦਾ ਹੈ ।ਆਰਥਕ , ਸਮਾਜਕ , ਸਿਆਸੀ ਤਾਕਤ ਦਾ ਸੁੱਖ ਤਾਂ ਹੀ ਪ੍ਰਤੀਤ ਹੁੰਦਾ ਹੈ ਜੇ ਲੋਗ ਉਸ ਤੋਂ ਪ੍ਰਭਾਵਿਤ ਹੋਣ , ਉਸ ਨੂੰ ਪ੍ਰਵਾਨ ਕਰਨ ਤੇ ਨਤ ਮਸਤਕ ਹੋਣ । ਪੁਰਾਤਨ ਕਾਲ ਤੋਂ ਹੀ ਇਹ ਸੋਚ ਪਰਗਟ ਹੁੰਦੀ ਆਈ ਹੈ । ਗੁਰੂ ਨਾਨਕ ਸਾਹਿਬ ਨੇ ਇਸ ਭਰਮ ਤੇ ਭਰਵੀਂ ਚੋਟ ਕਰਦਿਆਂ ਵਚਨ ਕੀਤੇ ਕਿ ਮਨੁੱਖ ਦੀ ਉਮਰ ਕਿੰਨੀ ਵੀ ਲੰਮੀ ਹੋ ਜਾਏ , ਸਾਰੇ ਬ੍ਰਹਮੰਡ ਵਿੱਚ ਉਸ ਦਾ ਮਾਨ ਸਨਮਾਨ ਕਾਇਮ ਹੋ ਜਾਏ ।ਵਡੀ ਗਿਣਤੀ ਵਿੱਚ ਲੋਗ ਉਸ ਦੀ ਅਧੀਨਤਾ ਸਵੀਕਾਰ ਕਰ ਲੈਣ ਪਰ ਇਹ ਸਭ ਵਿਅਰਥ ਹੈ ਜੇ ਉਹ ਪਰਮਾਤਮਾ ਨੂੰ ਪ੍ਰਵਾਨ ਨਹੀ ਹੈ ।ਉਸ ਦੇ ਕਰਮ , ਧਰਮ ਅਨੁਸਾਰ ਨਹੀ ਹਨ ।ਗੁਰੂ ਨਾਨਕ ਸਾਹਿਬ ਨੇ ਕਿਹਾ ਕਿ ਸੰਸਾਰ ਵਿੱਚ ਦੋ ਤਰਹ ਦੇ ਲੋਗ ਹਨ ।ਇੱਕ ਉਹ ਜੋ ਧਰਮ, ਗਿਆਨ, ਜਪ ਤਪ ’ਚ ਲੀਨ ਹਨ ।ਦੂਜੇ ਉਹ ਜੋ ਅਗਿਆਨੀ ਹਨ ਤੇ ਧਰਮ ਦੇ ਉਲਟ ਆਚਰਣ ਕਰ ਰਹੇ ਹਨ।ਇਨ੍ਹਾਂ ਨੂੰ ਕੋਈ ਮਨੋਰਥ ਪ੍ਰਾਪਤ ਨਹੀ ਹੁੰਦਾ ।ਪਰਮ ਸੱਤਾ ਪਰਮਾਤਮਾ ਦੀ ਹੈ । ਜੋ ਕਰਮ ਪਰਮਾਤਮਾ ਨੂੰ ਭਾਵੰਦਾ ਹੈ , ਭਾਵ ਸਚ ਦੀ ਕਸੌਟੀ ਤੇ ਖਰਾ ਉਤਰਦਾ ਹੈ , ਉਸ ਦਾ ਹੀ ਮੁੱਲ ਪੈਂਦਾ ਹੈ ।ਮਨੁੱਖ ਦਾ ਆਪਣੇ ਆਪ ਨੂੰ ਮਹਾਨ ਸਮਝ ਲੈਣਾ ਉਸ ਦਾ ਭਰਮ ਹੈ ਕਿਉਂਕਿ ਅੰਤ ਕੁਝ ਵੀ ਸਹਾਈ ਨਹੀ ਹੁੰਦਾ ।

ਨਾਨਕ ਜੇ ਕੋ ਆਪੈ ਜਾਣੈ ਅਗੈ ਗਇਆ ਨ ਸੋਹੈ ॥ (ਅੰਗ ੫)

ਮਨੁੱਖ ਨੇ ਆਪਣੇ ਆਪ ਨੂੰ ਕਰਤਾ ਸਮਝ ਲਿਆ ਹੈ ।ਗੁਰੂ ਨਾਨਕ ਸਾਹਿਬ ਨੇ ਕਿਹਾ ਕਿ ਕਰਤਾ ਹੋਣ ਦਾ ਹੰਕਾਰ ਖੁਆਰ ਹੀ ਕਰਦਾ ਹੈ ।ਭਾਰੀ ਤਾਕਤ ਸੰਚਿਤ ਕਰ ਪੂਰਾ ਸੰਸਾਰ ਜਿੱਤਨ ਦੇ ਸੁਪਨੇ ਵੀ ਵੇਖੇ ਗਏ ।ਦੇਸ਼ਾਂ ਅੰਦਰ ਤਾਕਤਵਰ ਸ਼ਾਸਕ ਹੋਏ ।ਦੇਸ਼ ਵਿਸ਼ਵ ਸ਼ਕਤੀ ਬਣ ਕੇ ਉਭਰੇ ।ਸਾਰੀਆਂ ਨੂੰ ਅੰਤ ਸ਼ਰਮਸਾਰ ਹੀ ਹੋਣਾ ਪਿਆ ਹੈ ।ਰਾਜਸੀ , ਸਮਾਜਿਕ ਜਾਂ ਆਰਥਿਕ ਤਾਕਤ ਦਾ ਹੰਕਾਰ ਜਿੱਥੇ ਵੀ ਆਇਆ ਹੈ , ਟੁੱਟਿਆ ਹੀ ਹੈ , ਟੁੱਟਣਾ ਹੀ ਹੈ ।ਯੂਕ੍ਰੇਨ ਇੱਕ ਨਿੱਕਾ ਜਿਹਾ ਦੇਸ਼ ਹੈ । ਸੰਸਾਰ ਅੰਦਰ ਕਿੰਨੇ ਹੀ ਰਾਜਾ ਮਹਾਰਾਜਾ ਹੋਏ ਜਿਨ੍ਹਾਂ ਦੇ ਖਜਾਨੇ ਬੇਸ਼ੁਮਾਰ ਦੌਲਤ ਨਾਲ ਲਬਰੇਜ ਸਨ ।ਅੱਜ ਨਾ ਉਹ ਖਜਾਨੇ ਰਹੇ ਨਾ ਉਹ ਮਹਲ ॥ਗੁਰਬਾਣੀ ਅੰਦਰ ਸੰਸਾਰਕ ਤਾਕਤ , ਪਦਾਰਥਾਂ ਨੂੰ ਕੱਚੇ ਧਨ ਦੀ ਉਪਮਾ ਦਿੱਤੀ ਗਈ ਹੈ ਜਿਸ ਨੂੰ ਇਕੱਤਰ ਕਰਨ ਵਾਲਿਆਂ ਨੂੰ ਕਠੋਰ ਸ਼ਬਦਾਂ ਵਿੱਚ ਮੂਰਖ ਅਤੇ ਗਵਾਰ ਕਿਹਾ ਗਿਆ ਹੈ ।ਗੁਰੂ ਅਰਜਨ ਸਾਹਿਬ ਨੇ ਅੰਗ ੨੫੦ ਤੇ ਸੁਸ਼ੋਭਿਤ ਅਪਨੀ ਬਾਣੀ ਵਿੱਚ ਸੁਚੇਤ ਕਰਦਿਆਂ ਕਿਹਾ ਕਿ ਤਾਕਤ , ਦੌਲਤ ਸੰਚਿਤ ਕਰਨ ਵਾਲੇ ਨੂੰ ਬਹੁ ਗਿਣਤੀ ਲੋਗਾਂ ਦੀਆਂ ਬਦ ਦੁਆਵਾਂ ਲੈਣੀਆਂ ਪੈਂਦੀਆਂ ਹਨ । ਕਿਉਂਕਿ ਬਿਨਾ ਜੋਰ, ਜੁਲਮ, ਅਨਿਆਂ ਦੇ ਕੋਈ ਧਨਵਾਨ, ਤਾਕਤਵਰ ਨਹੀ ਬਣਦਾ।ਤਾਕਤ ਪ੍ਰਾਪਤ ਕਰਨ ਤੇ ਤਾਕਤ ਵਧਾਉਂਦੇ ਜਾਣ ਲਈ ਦਿਨ ਰਾਤ ਪਾਪ , ਫਰੇਬ ਕੀਤੇ ਜਾਂਦੇ ਹਨ। ।ਗੁਰਬਾਣੀ ਦੀ ਬਨਾਰਸ ਕੇ ਠੱਗ ਵਾਲੀ ਉਪਮਾ ਹਰ ਖੇਤਰ ਵਿੱਚ ਪਰਗਟ ਹੋ ਰਹੀ ਹੈ । ਜੋਰ, ਜੁਲਮ, ਫਰੇਬ ਨਾਲ ਤਾਕਤ ਸੰਚਿਤ ਕਰਣਾ ਪਰਮਾਤਮਾ ਦੇ ਨਿਆਂ ਤੇ ਵਿਧਾਨ ਦੀ ਉਲੰਘਣਾ ਹੈ।ਉਸ ਨੇ ਤਾਂ ਸਮਾਨਤਾ ਦੇ ਸਿਧਾਂਤ ਤੇ ਸ੍ਰਿਸ਼ਟੀ ਸਿਰਜੀ ਹੈ ।ਪਰਮਾਤਮਾ ਦਾ ਵਿਧਾਨ ਤੋੜ ਆਪਣੀ ਤਾਕਤ ਕਾਇਮ ਕਰਨ ਵਾਲੇ ਇਹ ਨਹੀ ਸਮਝਦੇ ਕਿ ਉਨ੍ਹਾਂ ਦੀ ਤਾਕਤ , ਭਾਵੇਂ ਉਹ ਕਿਸੇ ਵੀ ਖੇਤਰ ਦੀ ਹੈ , ਸਦਾ ਨਹੀ ਰਹਿਣ ਵਾਲੀ ।ਪਰ ਬਦ ਦੁਆਵਾਂ , ਪਾਪ ਨਾਲ ਚਲਣੇ ਹਨ ।ਗੁਰੂ ਅਰਜਨ ਸਾਹਿਬ ਦਾ ਅੰਗ ੨੫੦ ਤੇ ਅੰਕਿਤ ਵਚਨ ਹੈ ਕਿ ਧਰਮ ਦੀ ਮਰਿਆਦਾ ਨਹੀਂ ਹੈ ਤਾਂ ਮਨੁੱਖ ਦੀਆਂ ਵੱਡੀਆਂ ਤੋਂ ਵੱਡੀਆਂ ਪ੍ਰਾਪਤੀਆਂ ਧੂੜ ਸਮਾਨ ਹੋ ਜਾਂਦੀਆਂ ਹਨ ।ਅੱਜ ਸੰਸਾਰ ਅੰਦਰ ਪਿੰਡ ਤੋਂ ਲੈ ਕੇ ਬ੍ਰਹਮੰਡ ਤੱਕ ਆਰਥਕ, ਸਿਆਸੀ, ਸਮਾਜਿਕ ਤਾਕਤ ਇਕੱਤਰ ਕਰਨ ਦੀ ਹੋੜ ਲੱਗੀ ਹੋਈ ਹੈ ।ਸਾਰੇ ਪਾਪ , ਸਾਰੇ ਦੁੱਖ , ਸਾਰੀਆਂ ਵਿਪਦਾਵਾਂ ਇਸ ਹੋੜ ਦੇ ਕਾਰਨ ਹੀ ਭਿਆਨਕ ਰੂਪ ਲੈ ਚੁਕੀਆਂ ਹਨ ।ਸੰਸਾਰ ਨੂੰ ਬਚਾਉਣਾ ਹੈ ਤਾਂ ਗੁਰੂ ਸਾਹਿਬਾਨ ਦਾ ਹੁਕਮ ਮੰਨ ਕੱਚਾ ਧਨ ਸੰਚਿਤ ਕਰਨ ਦੀ ਮੂਰਖਤਾ ਤੇ ਗਵਾਰ ਪੁਨਾ ਛੱਡਣਾ ਪਵੇਗਾ ।ਧਨੀ ਤੇ ਨਿਰਧਨ ਦੀ ਪਰਿਭਾਸ਼ਾ ਬਦਲਨੀ ਪਵੇਗੀ ।ਗੁਰੂ ਅਰਜਨ ਸਾਹਿਬ ਨੇ ਕਿਹਾ ਕਿ ਨਿਰਧਨ ਭਾਵ ਬਲ ਹੀਨ ਉਹ ਹੈ ਜਿਸ ਨੇ ਪਰਮਾਤਮਾ ਨੂੰ ਵਿਸਾਰ ਦਿੱਤਾ ਹੈ , ਜੋ ਧਰਮ ਤੋਂ ਵੇਮੁਖ ਹੋ ਗਿਆ ਹੈ ।ਗੁਰੂ ਰਾਮਦਾਸ ਜੀ ਨੇ ਅੰਗ ੯੫੨ਤੇ ਦਰਜ ਅਪਨੀ ਬਾਣੀ ਵਿੱਚ ਅਜਿਹੇ ਲੋਗਾਂ ਨੂੰ ਦਿਵਾਲਿਆ ਕਿਹਾ ਜਿਨ੍ਹਾਂ ਨੂੰ ਕਿਤੇ ਵੀ ਥਾਂ ਨਹੀ ਮਿਲਦੀ ।ਧਰਮ ਤੇ ਪਰਮਾਤਮਾ ਦੀ ਸ਼ਰਨ ਹੀ ਮਨੁੱਖ ਦੀ ਸੱਚੀ ਤਾਕਤ ਤੇ ਮਨੁੱਖਤਾ ਦਾ ਆਧਾਰ ਹੈ ।ਗੁਰਮਤਿ ਦੇ ਇਸ ਸਿਧਾਂਤ ਨੂੰ ਸਵੀਕਾਰ ਕਰਨ ਵਿੱਚ ਹੀ ਸੰਸਾਰ ਦਾ ਕਲਿਆਣ ਸੰਭਵ ਹੈ ।ਸੂਰਬੀਰ ਉਹ ਹੈ ਜੋ ਦੀਨ ਦੇ ਹਿੱਤ ਦੀ ਰਾਖੀ ਕਰ ਰਿਹਾ ਹੈ ।ਤਾਕਤਵਰ ਉਹ ਹੈ ਜਿਸ ਨੇ ਵਿਕਾਰਾਂ ਨੂੰ ਮਾਰ ਕੇ ਸਹਿਜ , ਸੰਤੋਖ , ਸੰਜਮ , ਦਇਆ, ਪ੍ਰੇਮ ਜਿਹੇ ਗੁਣ ਧਾਰਨ ਕਰ ਲਏ ਹਨ ।ਜੋ ਮਾਤਰ ਪਰਮਾਤਮਾ ਦੇ ਭੈ ਅੰਦਰ ਹੈ , ਨਾ ਕਿਸੇ ਨੂੰ ਭੈ ਦਿੰਦਾ ਹੈ ਨਾ ਕਿਸੇ ਦਾ ਭੈ ਮੰਨਦਾ ਹੈ ।ਸੰਸਾਰ ਅੰਦਰ ਬਣੇ ਹੋਏ ਭੈ ਦੇ ਵਾਤਾਵਰਨ ਨੂੰ ਤੋੜਨ ਲਈ ਇਹ ਸਿਧਾਂਤ ਕਾਇਮ ਕਰਣਾ ਹੀ ਮਨੁੱਖਤਾ ਦੀ ਹੋਂਦ ਤੇ ਮੰਡਰਾ ਰਹੇ ਸੰਕਟ ਨੂੰ ਦੂਰ ਕਰਨ ਦਾ ਇਕੱਲਾ ਨਿਦਾਨ ਹੈ ।

ਦੂਜੀ ਵੱਡੀ ਲੋੜ ਸੰਸਾਰ ਅੰਦਰ ਸੰਜਮੀ ਵਿਵਸਥਾ ਕਾਇਮ ਕਰਨ ਦੀ ਹੈ ।ਭੌਤਿਕਤਾ ਤੇ ਪਦਾਰਥਵਾਦ ਨੇ ਮਨੁੱਖੀ ਕਾਮਨਾਵਾਂ ਦੀਆਂ ਸਾਰੀਆਂ ਹੱਦਾਂ ਤੋੜ ਦਿੱਤਿਆਂ ਹਨ । ਜੀਵਨ ਵਿੱਚ ਕੋਈ ਸ਼ੀਲ , ਸੰਜਮ ਨਹੀ ਵਿਖਾਈ ਦੇ ਰਿਹਾ ।ਗੁਰੂ ਨਾਨਕ ਸਾਹਿਬ ਨੇ ਮਨੁੱਖੀ ਜੀਵਨ ਅੰਦਰ ਵੱਡੇ ਦੁੱਖਾਂ ਦਾ ਕਾਰਨ ਬਣ ਗਾਈਆਂ ਚਾਰ ਮੁੱਖ ਵ੍ਰਿਤੀਆਂ ਨੂੰ ਇਸ ਦਾ ਜਿੰਮੇਵਾਰ ਮੰਨਿਆ ।ਪਹਿਲੀ ਵ੍ਰਿਤੀ ਜਿਹਵਾ ਰਸ ਦੀ ਹੈ ।ਮਨੁੱਖ ਆਪਨੇ ਜੀਵਨ ਦਾ ਅਨਮੋਲ ਸਮਾਂ ਭਿੰਨ ਭਿੰਨ ਪ੍ਰਕਾਰ ਦੇ ਵਿਅੰਜਨਾਂ ਵਿੱਚ ਵਿਅਰਥ ਗੁਆਉਂਦਾ ਹੈ ।ਖਾਨ ਪਾਨ ਦੀ ਇਸ ਸ਼ੈਲੀ ਨੇ ਕਈ ਰੋਗਾਂ ਦੀ ਰਾਹ ਖੋਲ ਦਿੱਤੀ ਹੈ । ਸਿਹਤ ਪ੍ਰਭਾਵਿਤ ਹੋ ਰਹੀ ਹੈ ।ਗੁਰੂ ਨਾਨਕ ਸਾਹਿਬ ਨੇ ਪੰਜ ਸ਼ਤਾਬਦੀਆਂ ਪਹਿਲਾਂ ਜੋ ਚਿਤਾਵਨੀ ਦਿੱਤੀ ਸੀ ਉਹ ਅੱਜ ਦਾ ਕੌੜਾ ਸੱਚ ਬਣ ਕੇ ਸਾਹਮਣੇ ਆ ਰਹੀ ਹੈ ।

ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥ (ਅੰਗ ੧੬)

ਦਰਅਸਲ ਗੁਰੂ ਸਾਹਿਬ ਨੇ ਜਿਸ ਖਾਣੇ ਦੀ ਗੱਲ ਕੀਤੀ ਉਹ ਮਾਤਰ ਭੋਜਨ ਨਹੀ ਹੈ , ਮਾਇਆ ਦੇ ਰੰਗ ਤਮਾਸ਼ਿਆਂ ਦੀ ਵੀ ਹੈ ।ਮਨੁੱਖ ਜਦੋਂ ਸੰਸਾਰ ਦਾ ਬੇਲੋੜਾ ਮੋਹ ਧਾਰਨ ਕਰਦਾ ਹੈ , ਉਸ ਦਾ ਤਨ ਹੀ ਨਹੀ ਮਨ ਵੀ ਰੋਗੀ ਹੋ ਜਾਂਦਾ ਹੈ ।ਅੱਜ ਤਨ ਤੇ ਮਨ ਦੇ ਰੋਗ ਪੂਰੇ ਜੀਵਨ ਨੂੰ ਪ੍ਰਭਾਵਿਤ ਕਰ ਰਹੇ ਹਨ ।ਨਿਜੀ ਜੀਵਨ ਅਤਿ ਗੁੰਝਲਦਾਰ ਤੇ ਤਨਾਵਪੂਰਨ ਬਣ ਗਿਆ ਹੈ ।ਇਸ ਕਾਰਨ ਸਮਾਜ ਟੁੱਟ ਰਹੇ ਹਨ ।ਬੇ ਭਰੋਸਗੀ ਪੈਦਾ ਹੋ ਰਹੀ ਹੈ ।ਗੁਰੂ ਨਾਨਕ ਸਾਹਿਬ ਨੇ ਵਚਨ ਕੀਤੇ ਕਿ ਸਾਰੇ, ਸੱਚੇ ਰਸ ਤਾਂ ਵਾਹਿਗੁਰੂ ਪਰਮਾਤਮਾ ਦਾ ਜਸ ਸੁਣਨ , ਗਾਇਨ ਕਰਨ ਤੇ ਉਸ ਦੇ ਉਪਦੇਸ਼ ਮੰਨਣ ਵਿੱਚ ਹਨ । ਮਨੁੱਖ ਜਦੋਂ ਮਨ ਇਕਾਗਰ ਕਰ ਪਰਮਾਤਮਾ ਦਾ ਧਿਆਨ ਕਰਦਾ ਹੈ ਤਾਂ ਇਹ ਸਾਰੇ ਰਸ ਆਪ ਹੀ ਪ੍ਰਗਟ ਹੋਣ ਲੱਗਦੇ ਹਨ ਤੇ ਜੀਵਨ ’ਚ ਆਨੰਦ ਆਉਣ ਲੱਗਦਾ ਹੈ ।ਮਨ ਤ੍ਰਿਪਤ ਹੁੰਦਾ ਹੈ।

ਇਨ੍ਹਾਂ ਰਸਾਂ ਨੂੰ ਛੱਡ ਕੇ ਹੋਰ ਰਸਾਂ ਦੀ ਕਾਮਨਾ ਕਰਣਾ ਦੁੱਖ ਦਾਇਕ ਹੈ ।ਗੁਰੂ ਨਾਨਕ ਸਾਹਿਬ ਨੇ ਦੂਜਾ ਸੰਜਮ ਮਨੁੱਖ ਦੀ ਸੱਚੀ ਸ਼ੋਭਾ ਦਾ ਬਖਸ਼ਿਆ ।ਮਨੁੱਖ ਦਾ ਬਹੁਤਾ ਧਿਆਨ ਉਨ੍ਹਾਂ ਜਤਨਾਂ ਤੇ ਹੁੰਦਾ ਹੈ ਜੋ ਉਸ ਨੂੰ ਸਮਾਜ ਦੀ ਪ੍ਰਸ਼ੰਸਾ ਦਿਵਾਉਣ ‘ਚ ਸਹਾਈ ਹੋਣ ।ਅੱਜ ਸਮਾਂ ਬਦਲ ਗਿਆ ਹੈ ਪਰ ਬਿਰਤੀ ਨਹੀ ਬਦਲੀ । ਮਨੁੱਖ ਲੋਕਾਂ ਨੂੰ ਪ੍ਰਭਾਵਿਤ ਕਰਨ ਲਈ ਕੀਮਤੀ ਤੇ ਸੁੰਦਰ ਵੇਸ਼ਭੂਸ਼ਾ ਧਾਰਨ ਕਰਦਾ ਹੈ , ਧਰਮ ਕਰਮ ਦਾਨ ਆਦਿਕ ਵੀ ਕਰਦਾ ਹੈ ।ਇਹ ਵੀ ਮਨੁੱਖ ਦੇ ਦੁੱਖ ਦੇ ਕਾਰਨ ਬਣਦੇ ਹਨ ਕਿਉਂਕਿ ਜੀਵਨ ਦਾ ਸਮਾਂ ਅਜਾਈਂ ਜਾਂਦਾ ਹੈ , ਈਰਖਾ ਤੇ ਸੰਤਾਪ ਪੈਦਾ ਹੁੰਦਾ ਹੈ । ਕੋਈ ਕਿਸੇ ਦੂਜੇ ਦਾ ਆਪਣੇ ਤੋਂ ਅੱਗੇ ਹੋਣਾ ਸਹਿਣ ਨਹੀਂ ਕਰਦਾ ।ਇਸ ਬਿਰਤੀ ਲਈ ਵੀ ਗੁਰੂ ਨਾਨਕ ਸਾਹਿਬ ਨੇ ਸੁਚੇਤ ਕੀਤਾ ।

ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ॥
ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥ (ਅੰਗ ੧੬)

ਗੁਰੂ ਸਾਹਿਬ ਨੇ ਸੱਚ ਦੇ ਦਰਸ਼ਨ ਕਰਾਉਂਦਿਆਂ ਵਚਨ ਕੀਤੇ ਕਿ ਸ਼ੋਭਾ ਵਸਤਰਾਂ , ਵਿਖਾਵੇ , ਦਾਨ ਇਸਨਾਨ ਆਦਿਕ ਕਰਮਕਾਂਡ ਵਿੱਚ ਨਹੀ ਹੈ ।ਆਪ ਨੇ ਕਿਹਾ ਕਿ ਮਨ ਅੰਦਰ ਪਰਮਾਤਮਾ ਲਈ ਗੂੜ੍ਹਾ ਪ੍ਰੇਮ ਤੇ ਨਿਰਮਲ ਆਚਰਣ ਹੀ ਸੱਚਾ ਵੇਸ਼ , ਸੱਚ ਤੇ ਸੇਵਾ ਦੇ ਸੰਕਲਪ ਤੋਂ ਜੰਮਿਆ ਪਰੋਪਕਾਰ ਹੀ ਸੱਚਾ ਦਾਨ ਹੈ ।ਪੁਰਾਤਨ ਕਾਲ ਵਿੱਚ ਸ਼ੋਭਾ ਹੋਰ ਵਧਾਉਣ ਲਈ ਕਮਰਬੰਦ ਬੰਨਣ ਦਾ ਰਿਵਾਜ ਸੀ ।ਗੁਰੂ ਸਾਹਿਬ ਨੇ ਕਿਹਾ ਕਿ ਸੱਚਾ ਕਮਰਬੰਦ ਸੰਤੋਖ, ਸੰਜਮ ਤੇ ਸਹਿਜ ਜਿਹੇ ਗੁਣ ਹਨ ।ਜਵਾਨੀ ਦੀ ਉਮਰ ਨੂੰ ਸਮਰੱਥਾ ਦੀ ਉਮਰ ਮੰਨਿਆ ਜਾਂਦਾ ਹੈ ਕਿਉਂਕਿ ਤਨ ਸਿਹਤਮੰਦ ਹੁੰਦਾ ਹੈ । ਗੁਰੂ ਸਾਹਿਬ ਨੇ ਕਿਹਾ ਕਿ ਸਮਰੱਥਾ ਤਾਂ ਪਰਮਾਤਮਾ ਦਾ ਨਾਮ ਜਪਣ ਨਾਲ ਪ੍ਰਾਪਤ ਹੁੰਦੀ ਹੈ। ਸ਼ੋਭਾ , ਸਮਰਥਾ ਲਈ ਕਿਸੇ ਹੋਰ ’ਤੇ ਆਸ ਤੇ ਭਰੋਸਾ ਕਰਣਾ ਵਿਅਰਥ ਹੈ ।

ਵਰਤਮਾਨ ਦੀ ਸਭ ਤੋਂ ਵੱਡੀ ਲੋੜ ਸੰਜਮ ਤੇ ਸੰਤੋਖ ਦੀ ਹੈ . ਸਮਾਜ ਅੰਦਰ ਭੱਖ ਰਹੇ ਵਾਸਨਾਵਾਂ ਦੇ ਭਾਂਬੜ ਹਰ ਮਨੁੱਖ ਨੂੰ ਤਾਪ ਦੇ ਰਹੇ ਹਨ ।ਇਸ ਨਾਲ ਹਿੰਸਾ , ਵਿਭਚਾਰ, ਦਾ ਵਾਤਾਵਰਨ ਬਣਿਆ ਹੋਇਆ ਹੈ ।ਇਸ ਦਾ ਨਿਦਾਨ ਹੋਰ ਪੈਨਣੁ ਤੋਂ ਬਚਨਾ ਤੇ ਗੁਰੂ ਸਾਹਿਬ ਦਾ ਸਿਰਜਿਆ ਵੇਸ਼ ਧਾਰਨ ਕਰਣਾ ਹੀ ਹੈ ।

ਗੁਰੂ ਨਾਨਕ ਸਾਹਿਬ ਨੇ ਤੀਜਾ ਹੁਕਮ ਬਲ ਦਾ ਸੰਜਮ ਧਾਰਨ ਕਰਨ ਦਾ ਕੀਤਾ। ਮਨੁੱਖ ਅਪਨੀ ਹਿੰਮਤ ਤੇ ਤਾਕਤ ਪ੍ਰਗਟ ਕਰਨ ਲਈ ਕਈ ਮਾਧਿਅਮ ਵਰਤਦਾ ਹੈ । ਕੀਮਤੀ ਤੇ ਤੇਜ ਰਫਤਾਰ ਵੱਡੀਆਂ ਗੱਡੀਆਂ , ਅਸਤਰ ਸ਼ਸਤਰ , ਸੁਰੱਖਿਆ ਦੇ ਪ੍ਰਬੰਧ ਉਸ ਦੀ ਹੈਸੀਅਤ ਤੇ ਤਾਕਤ ਦਾ ਪ੍ਰਤੀਕ ਬਣ ਗਏ ਹਨ ।ਪੁਰਾਤਨ ਕਾਲ ਵਿੱਚ ਘੋੜੇ ਤੇ ਤੀਰ ਕਮਾਨ ਤੇ ਤੇਗ ਆਦਿਕ ਇਸ ਦੇ ਪ੍ਰਤੀਕ ਸਨ ।ਗੁਰੂ ਸਾਹਿਬ ਤਾਕਤਵਰ ਜੋਧਾ ਦੇ ਸ਼ਾਨਦਾਰ ਕਾਠੀ ਨਾਲ ਸੱਜੇ ਘੋੜੇ ਜਿਸ ਤੇ ਸੋਨੇ ਦੀ ਦੁਮਚੀ ਪਈ ਹੋਵੇ ਤੋਂ ਵੱਧ ਮੁੱਲਵਾਨ ਪਰਮਾਤਮਾ ਦੀ ਰਾਹ ਦੀ ਪਛਾਣ ਹੋ ਜਾਣ ਦੀ ਦਰਸਾਈ । ਕਿਸੇ ਜੋਧਾ ਦਾ ਤਰਕਸ਼, ਤੀਰ ਕਮਾਨ, ਬਰਛੀ ਤੇ ਤੇਗ ਨਾਲ ਸੱਜਿਆ ਤਨ ਉਸ ਦੀ ਸ਼ੋਭਾ ਬਣਦਾ ਹੈ ।ਗੁਰੂ ਨਾਨਕ ਸਾਹਿਬ ਨੇ ਵਚਨ ਕੀਤਾ ਕਿ ਸੰਤੋਖ, ਸੰਜਮ, ਸਹਿਜ, ਦਇਆ , ਸੇਵਾ, ਪਰੋਪਕਾਰ ਜਿਹੇ ਗੁਣ ਹੀ ਸੱਚੇ ਅਸਤਰ ਸ਼ਸਤਰ ਹਣ ਜੋ ਜੀਵਨ ਸਫਲਤਾ ਵਿੱਚ ਸਹਾਇਕ ਹੁੰਦੇ ਹਨ । ਪੁਰਾਤਨ ਕਾਲ ਵਿੱਚ ਜਿੱਤ ਦੇ ਢੋਲ ਵਜਾਏ ਜਾਂਦੇ ਸਨ ਤੇ ਧੁਜਾ ਝੁਲਾਈ ਜਾਂਦੀ ਸੀ ।ਗੁਰੂ ਨਾਨਕ ਸਾਹਿਬ ਨੇ ਕਿਹਾ ਕਿ ਪਰਮਾਤਮਾ ਦਾ ਬਖਸ਼ਿਆ ਸਵੈਮਾਨ ਤੇ ਕਿਰਪਾ ਮਨੁੱਖ ਦੇ ਮਾਣ ਦੇ ਸੱਚੇ ਪ੍ਰਤੀਕ ਹਨ ।ਗੁਰੂ ਨਾਨਕ ਦਾ ਇਹ ਹੁਕਮ ਸੰਸਾਰ ਮੰਨ ਲਵੇ ਤਾਂ ਹਥਿਆਰਾਂ ਦੀ ਅੰਨੀ ਦੌੜ ਖਤਮ ਹੋ ਜਾਏ ਤੇ ਮਨੁੱਖਤਾ ਦੇ ਵਿਨਾਸ਼ ਵੱਲ ਵਧਦੇ ਕਦਮ ਰੁੱਕ ਜਾਣ ।ਸੰਸਾਰ ਅੰਦਰ ਚੱਲ ਰਹੇ ਜੁੱਧ , ਸ਼ੀਤ ਜੁੱਧ ਤੇ ਅੱਤਵਾਦ ਦਾ ਇਹੋ ਨਿਦਾਨ ਹੈ । ਇਸ ਵਿਨਾਸ਼ ਨੂੰ ਰੋਕਣ ਲਈ ਗੁਰੂ ਸਾਹਿਬ ਦਾ ਹੇਠਲਾ ਹੁਕਮ ਮੰਨਣਾ ਸਮੇਂ ਦੀ ਲੋੜ ਹੈ ।ਪੁਰਾਤਨ ਪ੍ਰਤੀਕ ਬਦਲਨੇ ਹੋਣਗੇ ।



ਬਾਬਾ ਹੋਰੁ ਚੜਨਾ ਖੁਸੀ ਖੁਆਰੁ ॥
ਜਿਤੁ ਚੜੀਐ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥ (ਅੰਗ ੧੬)

ਗੁਰੂ ਨਾਨਕ ਸਾਹਿਬ ਨੇ ਚੌਥਾ ਸੰਜਮ ਜੀਵਨ ਨਾਲ ਮੋਹ ਦਾ ਦੱਸਿਆ ।ਮਨੁੱਖ ਪਰਿਵਾਰ , ਧਨ ਸੰਪਦਾ , ਭੋਗ ਵਿਲਾਸ ਵਿੱਚ ਖੁਸ਼ੀ ਲੱਭ ਰਿਹਾ ਹੈ ।ਆਲੀਸ਼ਾਨ ਘਰ ਬਨਾਏ ਜਾ ਰਹੇ ਹਨ ।ਉਨ੍ਹਾਂ ਦੀ ਸਜਾਵਟ ਤੇ ਬੇਸ਼ੁਮਾਰ ਧਨ ਲਾਇਆ ਜਾ ਰਿਹਾ ਹੈ . ਪਰਿਵਾਰ ਲਈ ਮਨੁੱਖ ਕੋਈ ਵੀ ਪਾਪ ਕਰਦਿਆਂ ਸੰਕੋਚ ਨਹੀ ਕਰਦਾ ।ਕੰਮ ਕਰਨ ਲਈ ਮਸ਼ੀਨਾਂ ਤੇ ਨੌਕਰ ਹਨ . ਮਨੁੱਖ ਸੁੱਖ – ਆਰਾਮ ਲਈ ਸਾਰੇ ਪਦਾਰਥ , ਸਾਧਨ ਇਕੱਤਰ ਕਰਦਾ ਹੈ ।ਆਪਣੇ ਸੁੱਖ , ਵਿਲਾਸ ਲਈ ਉਹ ਪਰਮਾਤਮਾ ਅੱਗੇ ਵੀ ਅਰਦਾਸ ਕਰਦਾ ਹੈ ।ਗੁਰੂ ਸਾਹਿਬ ਨੇ ਮਨੁੱਖ ਦੀ ਇਸ ਅਵਸਥਾ ਨੂੰ ਵੀ ਦੁੱਖ ਦਾ ਕਾਰਨ ਕਿਹਾ ।

ਬਾਬਾ ਹੋਰੁ ਸਉਣਾ ਖੁਸੀ ਖੁਆਰੁ ॥
ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥ (ਅੰਗ ੧੭)

ਭੋਗ ਵਿਲਾਸ ਤੇ ਸੁੱਖ ਦੇ ਛਲਾਵੇ ਨੇ ਮਨੁੱਖ ਨੂੰ ਤਨ ਤੇ ਮਨ ਦੁਹਾਂ ਦਾ ਰੋਗੀ ਬਣਾ ਦਿੱਤਾ ਹੈ । ਗੁਰੂ ਨਾਨਕ ਸਾਹਿਬ ਨੇ ਕਿਹਾ ਕਿ ਮਨੁੱਖ ਜੋ ਸੁੱਖ ਵੱਡੇ , ਸੱਜੇ ਘਰਾਂ ਵਿੱਚ ਖੋਜ ਰਿਹਾ ਹੈ ਉਹ ਤਾਂ ਪਰਮਾਤਮਾ ਦਾ ਨਾਮ ਜਪਣ ਵਿੱਚ ਹੈ ।ਮਨੁੱਖ ਨੂੰ ਪਰਿਵਾਰ ਅੰਦਰ ਸੁੱਖ ਚਾਹੀਦੇ ਤਾਂ ਉਹ ਪਰਮਾਤਮਾ ਦੀ ਮਿਹਰ ਵਿੱਚ ਪ੍ਰਾਪਤ ਹੋਵੇਗਾ ।ਪਰਮਾਤਮਾ ਦੇ ਹੁਕਮ ਤੇ ਨਿਆਂ ਅੰਦਰ ਰਹਿਣਾ ਆਉਣਾ ਚਾਹੀਦੇ ਕਿਉਂਕਿ ਪਰਮਾਤਮਾ ਨੂੰ ਇਹੋ ਭਾਵੰਦਾ ਹੈ ।ਉਹ ਕਿਸੇ ਅਸਰ ਹੇਠ ਨਹੀ ਆਪਣੀ ਖੁਸ਼ੀ ਅੰਦਰ ਦਾਤਾਂ ਬਖਸ਼ਦਾ ਹੈ ਤੇ ਨਿਹਾਲ ਕਰ ਦਿੰਦਾ ਹੈ ॥

ਇਹ ਸੱਚ ਪਛਾਣਨ ਦੀ ਲੋੜ ਹੈ ਕਿ ਸਾਰੇ ਦੁੱਖ ਸੰਸਾਰਕ ਰਸਾਂ ਦੀ ਲਾਲਸਾ , ਲੋਕ ਵਿਖਾਵੇ ਤੇ ਲੋਕ ਪ੍ਰਸ਼ੰਸਾ ਦੀ ਚਾਹ ਤੇ ਭੋਗ ਵਿਲਾਸ ਦੇ ਕਾਰਨ ਹੀ ਹਨ ।ਇਨ੍ਹਾਂ ਕਾਰਨ ਤਨ ਤੇ ਮਨ ਦੁਹਾਂ ਦੇ ਰੋਗ, ਸੰਤਾਪ ਪੈਦਾ ਹੋ ਰਹੇ ਹਨ ।ਇਸ ਵ੍ਰਿਤੀ ਨੂੰ ਤਿਆਗ ਕੇ ਗੁਰੂ ਸਾਹਿਬਾਨ ਦੀ ਦਰਸਾਈ ਰਾਹ ਅਨੁਸਾਰ ਸੰਜਮ ਭਰੀ ਜੀਵਨ ਸ਼ੈਲੀ ਧਾਰਨ ਕਰਨ ਨਾਲ ਹੀ ਉਧਾਰ ਸੰਭਵ ਹੈ ।ਗੁਰੂ ਸਾਹਿਬਾਨ ਨੇ ਰਸ , ਬਲ , ਸ਼ੋਭਾ , ਸੁੱਖ ਦਾ ਖੰਡਣ ਨਹੀ ਕੀਤਾ ਗਿਆ ਬਲਕਿ ਇਨ੍ਹਾਂ ਦੇ ਸੱਚੇ ਸਵਰੂਪ ਤੋਂ ਜਾਣੂੰ ਕਰਾਇਆ ।

ਗੁਰਮਤਿ ਵਿੱਚ ਗ੍ਰਿਹਸਤ ਜੀਵਨ ਦੀ ਸ੍ਰੇਸ਼ਟਤਾ ਪ੍ਰਵਾਨ ਕੀਤੀ ਗਈ ਹੈ। ਜੀਵਨ ਸਹਿਜ ਤੇ ਸੁਖਾਲਾ ਹੋਵੇ ਇਸ ਲਈ ਮਨੁੱਖ ਦੀਆਂ ਮੁੱਢਲੀਆਂ ਲੋੜਾਂ ਦੀ ਪਛਾਣ ਕਰਨ ਵਾਲੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ੬੯੫ ਤੇ ਸੁਸ਼ੋਭਿਤ ਭਗਤ ਧੰਨਾ ਜੀ ਦੀ ਬਾਣੀ ਧਿਆਨ ਜੋਗ ਹੈ ।ਭਗਤ ਧੰਨਾ ਜੀ ਨੇ ਕਿਹਾ ਕਿ ਭੋਜਨ ਲਈ ਦਾਲ , ਆਟਾ ਤੇ ਘਿਉ ਮਿਲ ਜਾਏ ।ਭਾਵ ਇਸ ਤੋਂ ਜ਼ਿਆਦਾ ਨਹੀਂ ਚਾਹੀਦਾ ।ਪੈਰਾਂ ਵਿੱਚ ਪਾਉਣ ਲਈ ਜੁੱਤੀ ਤੇ ਸਾਫ਼ ਵਸਤਰ ਹੋਣ ।ਬਸ ਸੱਤ ਪ੍ਰਕਾਰ ਦੇ ਅੰਨ ਚਾਹੀਦੇ ਹਨ ।ਦੁੱਧ ਦੇਣ ਵਾਲੀ ਗਾਂ ਤੇ ਆਵਾਗਮਨ ਲਈ ਇੱਕ ਚੰਗੀ ਘੋੜੀ ਵੀ ਚਾਹੀਦੀ ਹੈ । ਇੱਕ ਸੁਚੱਜੀ ਪਤਨੀ ਵੀ ਚਾਹੀਦੀ ਹੈ ਜੋ ਘਰ ਸੰਭਾਲ ਸਕੇ ।ਆਪਣੀਆਂ ਲੋੜਾਂ ਸੀਮਤ ਕਰ, ਵਾਧੂ ਕਾਮਨਾਵਾਂ ਤਿਆਗ, ਸੰਸਾਰ ਦੇ ਹਾਲਾਤ ਬਦਲੇ ਜਾ ਸਕਦੇ ਹਨ ।ਸ਼ਰਤ ਇੱਕੋ ਹੈ ਕਿ ਸੰਸਾਰ ਜਗਤ ਗੁਰੂ, ਗੁਰੂ ਨਾਨਕ ਸਾਹਿਬ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੇਧ ਬਿਨਾ ਦੁਵਿਧਾ, ਸ਼ੰਕਾ ਦੇ ਧਾਰਨ ਕਰੇ ਤੇ ਕਦੇ ਨਾ ਵਿਸਾਰੇ। ਮਨੁੱਖ ਗੁਰਮਤਿ ਅਨੁਸਾਰ ਬਦਲੇਗਾ ਤਾਂ ਹੀ ਸੰਸਾਰ ਰਹਿਣ ਜੋਗ ਬਣੇਗਾ ।

# Illness and Healthiness



ਗਿਆਨੀ ਸੰਤ ਸਿੰਘ ਜੀ ਮਸਕੀਨ

What is illness? Why does it arise? Research on this question has been going on since ancient times. The reasons for illness identified today change tomorrow. The medicine considered effective today becomes ineffective tomorrow. A dietary restriction recommended one day is criticized the next. Therefore, even today, diseases have not ended.In earlier times, diseases of the body were treated through Ayurvedic methods. Slowly, faith in Ayurveda began to decline. Then the Unani system came into practice, but it too did not remain fully reliable. After that, the Allopathic system became dominant. Yet, despite the vast advancement of medical science, people seem just as afflicted as before. In some countries, efforts are being made to treat diseases through Homeopathy and Naturopathy. But diseases are still not disappearing.Medical stores are overflowing with medicines, but human bodies are filling with illnesses.By the time a new medicine is developed to treat old diseases, a new disease appears. The problem remains the same; every era has its own distinct ailments.Not long ago, entire cities were destroyed by plague. This dreadful disease has now been controlled. Countless children used to become crippled or blind due to smallpox. This disease was once considered incurable and even worshipped—but today it is conquerable. Then came typhoid, which once remained with a patient until he was near death. What was once fatal and incurable is now cured within four or five days.Today's major diseases are heart ailments, diabetes, and cancer—these are still not under control.It appears that the roots of disease lie in the subconscious mind. When one branch of a disease is cut, another emerges. When one ailment is treated, by that time a new one begins to grow. This cycle continues throughout life.

Gurbani says:

ਐਸਾ ਦਾਰੁ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ ॥

aisaa daaroo lorr lahu jit vanjai rogān ghān. (Ang 1279)Seek such a remedy by which all illnesses may be cured.Which is this medicine, and where is it found?
Gurbani tells us:

ਸਰਬ ਰੋਗ ਕਾ ਅਉਖਦੁ ਨਾਮੁ ॥

sarab rog kā aoukhad nām. (Ang 274)
The Naam is the panacea, the remedy to cure all ills.This is not merely a poetic expression. It is a truth that Naam-Simran (meditation on the Divine Name) cures all diseases.If after taking a medicine the pain remains, or has the possibility of returning, then that medicine is not truly a medicine.
Gurbani says:

ਦਰਦੁ ਹੋਵੈ ਦੁਖੁ ਰਹੈ ਸਰੀਰ ॥

darad hovai, dukh rehai sareer. The pain persists, and the body continues to suffer.

ਐਸਾ ਦਾਰੂ ਲਗੈ ਨ ਬੀਰ ॥੧॥ ਰਹਾਉ ॥

aisā dhāroo lagai na beer. ||1|| Pause ||
(Ang 1256)
Your medicine has no effect on me.If a person's mind is ill, his body cannot become healthy. When the mind becomes filled with illnesses—beyond what it can bear—it transfers them to the body. The roots of all disease lie in the mind.
In Hindi, the word ਸੁਵਸਥ (suvasth) is used for ਤੰਦਰੁਸਤੀ (tandurusti)—health—but the true meaning of suvasth is ਸਵੈ ਅਸਥਿਤੀ (savai asthiti), meaning "to remain in one's own self."A person who is absorbed in himself, who has joy or divine intoxication inside, is truly suvasth—rooted in the self. A person can sit with his son, friend, wife, or brother. But in their absence, he needs a newspaper, advertisements, radio, television, theatre, and countless distractions. It is very difficult for a person to sit alone. This shows that inside himself, he feels empty.Only that inner fragrance which is full of divine love is true suvasth, the state of staying in the self.

(Courtesy: Guru Chintan)



# ਭਲਾ ਕਰਨ ਦੀ ਪ੍ਰੇਰਨਾ

ਆਪਨੇ ਸਿਰ ਪਰ ਧੂਪ ਸਹਿ ਬ੍ਰਿਖ ਔਰ ਸੁਖ ਦੇਤ। ਤਿਉ ਤਨ ਪਰ ਦੁਖ ਕੋਟ ਲੈ ਸੁਜਨ ਔਰ ਸੁਖ ਹੇਤ। (ਨੀਤੀ ਪ੍ਰਕਾਸ਼)

ਸੰਸਾਰ ਭਰ ਦੇ ਭਲੇ ਪੁਰਸ਼ਾਂ ਨੇ ਮਨੁੱਖਤਾ ਨੂੰ ਸਦਾ ਹੀ ਭਲਿਆਈ ਕਰਨ ਦਾ ਉਪਦੇਸ਼ ਦਿੱਤਾ ਹੈ।ਕਾਰਨ ਵੀ ਸਪਸ਼ਟ ਹੈ ਕਿ ਮਨੁੱਖੀ ਸੁਭਾਅ ਬੁਰਿਆਈ ਵੱਲ ਜਲਦੀ ਪ੍ਰੇਰਿਤ ਹੁੰਦਾ ਹੈ ਅਤੇ ਚੰਗਿਆਈ ਲਈ ਇਸ ਨੂੰ ਪ੍ਰੇਰਨਾ ਪੈਂਦਾ ਹੈ।ਧਰਮ-ਕਰਮ, ਪੂਜਾ-ਪਾਠ, ਪੁੰਨ, ਨੇਕੀ, ਚੰਗੇ ਪ੍ਰਵਚਨ, ਧਰਮ-ਅਸਥਾਨ ਤੇ ਧਰਮ-ਗ੍ਰੰਥ ਭਲਾ ਕਰਨ ਦੀ ਭਾਵਨਾ ਪ੍ਰਪੱਕ ਕਰਨ ਵਾਲੇ ਚਾਨਣ-ਮੁਨਾਰੇ ਹਨ।ਫਿਰ ਸੁਚੇਤ ਵਰਗ ਨੇ ਮਨੁੱਖ ਨੂੰ ਆਪਣੇ ਪੂਰਵਜਾਂ ਦੇ ਇਤਿਹਾਸ ਦੀਆਂ ਕਥਾਵਾਂ, ਉਸ ਦੇ ਆਲੇ-ਦੁਆਲੇ ਤੇ ਆਮ ਜਨ-ਜੀਵਨ ਵਿੱਚੋਂ ਉਦਾਹਰਣਾਂ ਦੇ-ਦੇ ਕੇ ਸਮਝਾਉਣਾ ਚਾਹਿਆ ਕਿ ਜਿਵੇਂ ਫਲਦਾਰ ਰੁੱਖਾਂ ਨੂੰ ਕੋਈ ਵੱਟੇ ਵੀ ਮਾਰੇ ਤਾਂ ਉਹ ਵੱਟੇ ਮਾਰਨ ਵਾਲੇ ਨੂੰ ਵੀ ਅੱਗੋਂ ਮਿੱਠੇ ਫਲ ਦਿੰਦੇ ਹਨ। ਗੰਨਾ ਵੇਲਣੇ ਵਿਚ ਪੀੜਿਆ ਜਾਣ ਦੇ ਬਾਵਜੂਦ ਵੀ ਭਲਿਆਈ ਕਰਦਾ ਹੋਇਆ ਮਿੱਠਾ ਰਸ ਦਿੰਦਾ ਹੈ।ਸਰ੍ਹੋਂ ਆਪਣੇ ਆਪ ਨੂੰ ਕੋਹਲੂ ਵਿਚ ਪਿੜਾ ਕੇ ਵੀ ਤੇਲ ਬਖ਼ਸ਼ਦੀ ਹੈ ਤੇ ਤੇਲ ਹੋਰ ਨਿਆਮਤਾਂ ਦੇ ਨਾਲ-ਨਾਲ ਦੀਵੇ ਵਿਚ ਜਲ ਕੇ ਪ੍ਰਕਾਸ਼ ਕਰਦਾ ਹੋਇਆ ਹਨੇਰਾ ਦੂਰ ਕਰਦਾ ਹੋਇਆ ਲੋਕਾਈ ਵਾਸਤੇ ਲਾਹੇਵੰਦ ਸਿੱਧ ਹੁੰਦਾ ਹੈ।

ਸਭ ਧਰਮਾਂ ਦੇ ਪੀਰਾਂ-ਪੈਗੰਬਰਾਂ ਦੀਆਂ ਭਲਾ ਕਰਨ ਦੀਆਂ ਕਥਾਵਾਂ ਲੋਕ-ਸਾਹਿਤ ਦਾ ਭਾਗ ਬਣੀਆਂ। ਇਸ ਤੋਂ ਪਹਿਲਾਂ ਮੌਖਿਕ ਸਾਹਿਤ ਵੀ ਪੀੜ੍ਹੀ-ਦਰ-ਪੀੜ੍ਹੀ ਸਮਾਜ ਦਾ ਪ੍ਰੇਰਨਾ-ਸ੍ਰੋਤ ਰਿਹਾ ਹੈ।ਸਿੱਖ-ਸਾਹਿਤ ਵਿਚ ਗੁਰੂ ਸਾਹਿਬਾਨ ਦੀਆਂ ਜੀਵਨ-ਸਾਖੀਆਂ ਤੇ ਯੋਧਿਆਂ-ਸੂਰਬੀਰਾਂ ਦਾ ਇਤਿਹਾਸ ਚਾਨਣ-ਮੁਨਾਰਾ ਬਣਿਆ।ਮਹਾਰਾਜਾ ਰਣਜੀਤ ਸਿੰਘ ਦਾ ਬੇਰੀ ਨੂੰ ਵੱਟੇ ਮਾਰਨ ਵਾਲੇ ਬੱਚਿਆਂ ਤੋਂ ਵੱਟਾ ਖਾ ਕੇ ਵੀ ਸੋਨੇ ਦੀਆਂ ਮੋਹਰਾਂ ਦੇਣੀਆਂ ਉਨ੍ਹਾਂ ਦੇ ਪਰਉਪਕਾਰੀ ਤੇ ਭਲੇ ਸੁਭਾਅ ਦਾ ਵਰਣਨ ਹੈ।ਬਾਬਾ ਫਰੀਦ ਜੀ ਵੱਲੋਂ ਬੁਰੇ ਦਾ ਭਲਾ ਕਰਨ ਦਾ ਉਪਦੇਸ਼ ਤੇ ਸਿੱਖ-ਪੰਥ ਦੀ ਅਰਦਾਸ ਵਿਚ ਸਰਬੱਤ ਦਾ ਭਲਾ ਮੰਗਣਾ ਭਲਾਈ ਕਰਨ ਦੀ ਪ੍ਰੇਰਨਾ ਹੀ ਹੈ।ਭਲਾ ਪੁਰਸ਼ ਫੁੱਲਾਂ ਵਾਂਗ, ਸੂਰਜ-ਚੰਦ੍ਰਮਾ ਅਤੇ ਹਵਾ-ਪਾਣੀ ਵਾਂਗ ਸਭਨਾਂ ਨਾਲ ਬਰਾਬਰ ਵਰਤਾਉ ਕਰਦਾ ਹੈ।

ਉਪਰੋਕਤ ਦੋਹਰਾ ਗਿਆਨੀ ਦਿੱਤ ਸਿੰਘ ਰਚਿਤ ਪੁਸਤਕ 'ਨੀਤੀ ਪ੍ਰਕਾਸ਼' ਵਿਚ ਹੈ।ਇਸ ਵਿਚ ਭਲੇ ਪੁਰਸ਼ ਦੀ ਭਲਿਆਈ ਕਰਨ ਦੀ ਤਸ਼ਬੀਹ ਰੁੱਖ ਨਾਲ ਦਿੱਤੀ ਹੈ, ਜੋ ਆਪਣੇ ਸਿਰ ਉੱਪਰ ਧੁੱਪ ਤੇ ਕਸ਼ਟ ਸਹਿ ਕੇ ਵੀ ਹੋਰਨਾਂ ਨੂੰ ਠੰਡੀ ਛਾਂ, ਫਲ, ਫੁੱਲ ਤੇ ਸੁਖ ਬਖਸ਼ਦਾ ਹੈ। ਇਸੇ ਤਰ੍ਹਾਂ ਭਲੇ ਪੁਰਸ਼ ਵੀ ਆਪਣੇ ਸਰੀਰ ਉੱਪਰ ਕਰੋੜਾਂ ਦੁਖ ਸਹਿ ਕੇ ਵੀ ਹੋਰਨਾਂ ਨੂੰ ਸੁਖ ਦਿੰਦੇ ਹਨ।

ਚੰਗੇ ਸਮਾਜ ਦੀ ਸਿਰਜਣਾ ਲਈ ਮਨੁੱਖਤਾ ਦਾ ਸੁਭਾਅ ਇਸ ਤਰ੍ਹਾਂ ਦਾ ਹੋਣਾ ਅਤਿ ਜ਼ਰੂਰੀ ਹੈ।ਅਜੋਕੀ ਭੱਜ-ਦੌੜ ਵਿਚ ਇਨਸਾਨ ਦਾ ਇਨਸਾਨ ਪ੍ਰਤੀ ਨਜ਼ਰੀਆ, ਧੋਖਾ-ਧੜੀ, ਮਿਲਾਵਟਖੋਰੀ, ਲੁੱਟ-ਖਸੁੱਟ ਜਿਸ ਤਰ੍ਹਾਂ ਸਿਖਰ ਵੱਲ ਜਾ ਰਹੀ ਹੈ ਤਾਂ ਅਜਿਹੀ ਨੀਤੀ-ਕਥਾ ਦੀ ਸਾਰਥਿਕਤਾ ਹੋਰ ਵੀ ਵਧੇਰੇ ਮੁੱਲਵਾਨ ਹੋ ਜਾਂਦੀ ਹੈ।

*-ਡਾ. ਇੰਦਰਜੀਤ ਸਿੰਘ ਗੋਗੋਆਣੀ*

# ਸ੍ਰੀ ਅੰਮ੍ਰਿਤਸਰ, ਸ੍ਰੀ ਅਨੰਦਪੁਰ ਸਾਹਿਬ ਤੇ ਤਲਵੰਡੀ ਸਾਬੋ ਪਵਿੱਤਰ ਸ਼ਹਿਰ ਤਾਂ ਐਲਾਨ ਦਿੱਤੇ ਪਰ ਅਮਲ ਕਦੋਂ ਹੋਵੇਗਾ ?

ਗੁਰੂ ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇਣ ਦੀ ਸਿੱਖ ਕੌਮ ਵੱਲੋਂ ਲੰਬੇ ਸਮੇਂ ਤੋਂ ਮੰਗ ਕੀਤੀ ਜਾ ਰਹੀ ਸੀ, ਇਸ ਦੇ ਨਾਲ-ਨਾਲ ਹੀ ਸਮੇਂ-ਸਮੇਂ ਉੱਤੇ ਸ੍ਰੀ ਅਨੰਦਪੁਰ ਸਾਹਿਬ, ਤਲਵੰਡੀ ਸਾਬੋ, ਸ੍ਰੀ ਚਮਕੌਰ ਸਾਹਿਬ, ਸ੍ਰੀ ਫ਼ਤਹਿਗੜ੍ਹ ਸਾਹਿਬ, ਸੁਲਤਾਨਪੁਰ ਲੋਧੀ, ਸ੍ਰੀ ਤਰਨ ਤਾਰਨ ਸਾਹਿਬ ਅਤੇ ਸ੍ਰੀ ਮੁਕਤਸਰ ਸਾਹਿਬ ਨੂੰ ਪਵਿੱਤਰ ਸ਼ਹਿਰਾਂ ਦਾ ਦਰਜਾ ਦੇਣ ਦੀ ਮੰਗ ਉੱਠਦੀ ਰਹੀ।ਪਰ ਕੇਂਦਰ ਸਰਕਾਰਾਂ ਅਤੇ ਸੂਬਾ ਸਰਕਾਰਾਂ ਨੇ ਇਸ ਵੱਲ ਕਦੇ ਵੀ ਧਿਆਨ ਨਾ ਦਿੱਤਾ ਸਗੋਂ ਇਸ ਮੰਗ ਨੂੰ ਹਮੇਸ਼ਾਂ ਗਲਤ ਰੰਗਤ ਦਿੱਤੀ ਗਈ ਤੇ ਸਿੱਖ ਹਿਰਦਿਆਂ ਨੂੰ ਭਾਰੀ ਠੇਸ ਪਹੁੰਚਾਈ ਗਈ।ਹੁਣ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਸਮੇਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਹ ਐਲਾਨ ਕੀਤਾ ਕਿ ਸ੍ਰੀ ਅੰਮ੍ਰਿਤਸਰ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਅਤੇ ਤਲਵੰਡੀ ਸਾਬੋ ਨੂੰ ਪਵਿੱਤਰ ਸ਼ਹਿਰਾਂ ਦਾ ਦਰਜਾ ਦਿੱਤਾ ਜਾਏਗਾ ਅਤੇ ਮੀਟ, ਸ਼ਰਾਬ ਤੇ ਤੰਬਾਕੂ ਦੀਆਂ ਦੁਕਾਨਾਂ ਬਾਹਰ ਕੱਢੀਆਂ ਜਾਣਗੀਆਂ।ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਜੀ ਨੇ ਇਸ ਫ਼ੈਸਲੇ ਦਾ ਸਵਾਗਤ ਕੀਤਾ ਹੈ ਪਰ ਬਹੁਤਾਂਤ ਜਥੇਬੰਦੀਆਂ ਨੇ ਇਸ ਮਾਮਲੇ ਉੱਤੇ ਚੁੱਪੀ ਧਾਰਨ ਕੀਤੀ ਹੋਈ ਹੈ ਕਿਉਂਕਿ ਸਭ ਨੂੰ ਖਦਸ਼ਾ ਹੈ ਕਿ ਕੀ ਇਹ ਐਲਾਨ ਇਕੱਲਾ ਬਿਆਨਾਂ ਜਾਂ ਕਾਨੂੰਨ ਦੀਆਂ ਫਾਈਲਾਂ ਤੱਕ ਹੀ ਸੀਮਤ ਰਹੇਗਾ ਜਾਂ ਫਿਰ ਲਾਗੂ ਵੀ ਹੋਵੇਗਾ!

ਸਿੱਖ ਸੰਗਤਾਂ ਬੜੀ ਬੇਸਬਰੀ ਨਾਲ ਉਡੀਕ ਕਰ ਰਹੀਆਂ ਹਨ ਕਿ ਹੁਣ ਇਸ ਫੈਸਲੇ ਉੱਤੇ ਪੰਜਾਬ ਸਰਕਾਰ ਅਮਲ ਕਦੋਂ ਕਰੇਗੀ! ਭਗਵੰਤ ਮਾਨ ਤੇ ਕੇਜਰੀਵਾਲ ਨੇ ਸਰਕਾਰ ਬਣਨ ਤੋਂ ਪਹਿਲਾਂ ਅਤੇ ਬਾਅਦ ਵਿੱਚ ਬਥੇਰੇ ਐਲਾਨ ਕੀਤੇ ਹਨ, ਪਰ ਉਹਨਾਂ ਨੂੰ ਲਾਗੂ ਕਰਨ ਲਈ ਕੱਖ ਨਹੀਂ ਕੀਤਾ ਗਿਆ। ਹੁਣ ਜਿੰਨਾ ਚਿਰ ਤਕ ਇਹਨਾਂ ਤਿੰਨਾਂ ਸ਼ਹਿਰਾਂ ਵਿੱਚੋਂ ਮੀਟ, ਸ਼ਰਾਬ ਅਤੇ ਤੰਬਾਕੂ ਦੀਆਂ ਦੁਕਾਨਾਂ ਬੰਦ ਨਹੀਂ ਕਰਵਾ ਦਿੱਤੀਆਂ ਜਾਂਦੀਆਂ ਓਨਾ ਚਿਰ ਤੱਕ ਸਰਕਾਰ ਦੀ ਪਿੱਠ ਨਹੀਂ ਥਾਪੜਨੀ ਚਾਹੀਦੀ ਸਗੋਂ ਵਾਰ-ਵਾਰ ਸਰਕਾਰ ਨੂੰ ਇਹ ਯਾਦ ਕਰਵਾਉਣਾ ਚਾਹੀਦਾ ਹੈ ਕਿ ਸਰਕਾਰ ਇਸ ਮਾਮਲੇ ਉੱਤੇ ਕੰਮ ਕਰੇ।

ਇਹ ਵੀ ਚਰਚਾ ਚੱਲ ਰਹੀ ਹੈ ਕਿ ਪਹਿਲੀਆਂ ਸਰਕਾਰਾਂ ਦੇ ਕੁਝ ਮੁੱਖ ਮੰਤਰੀਆਂ ਨੇ ਵੀ ਕੁਝ ਖ਼ਾਸ ਮੌਕਿਆਂ 'ਤੇ ਸ੍ਰੀ ਅੰਮ੍ਰਿਤਸਰ ਅਤੇ ਸ੍ਰੀ ਅਨੰਦਪੁਰ ਸਾਹਿਬ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇਣ ਦੇ ਐਲਾਨ ਕੀਤੇ ਸਨ ਜੋ ਅਖ਼ਬਾਰੀ ਬਿਆਨਾਂ ਤੱਕ ਹੀ ਸੀਮਤ ਹੋ ਕੇ ਰਹਿ ਗਏ।ਹੁਣ ਵੇਖਣਾ ਇਹ ਹੋਵੇਗਾ ਕਿ ਭਗਵੰਤ ਮਾਨ ਸਰਕਾਰ ਕੁਝ ਕਰਦੀ ਵੀ ਹੈ ਜਾਂ ਫਿਰ ਵਾਹ-ਵਾਹ ਖੱਟਣ ਲਈ ਸਿਆਸੀ ਪੱਤਾ ਹੀ ਖੇਡਿਆ ਗਿਆ ਹੈ।

ਜੇਕਰ ਭਗਵੰਤ ਮਾਨ ਇਸ ਫ਼ੈਸਲੇ ਨੂੰ ਲਾਗੂ ਕਰਵਾ ਜਾਂਦਾ ਹੈ ਤਾਂ ਉਸਦੇ ਇਸ ਇਤਿਹਾਸਿਕ ਕਾਰਜ ਨੂੰ ਹਮੇਸ਼ਾਂ ਯਾਦ ਰੱਖਿਆ ਜਾਏਗਾ ਤੇ ਪਹਿਲੀਆਂ ਸਰਕਾਰਾਂ ਉੱਤੇ ਕਲੰਕ ਲੱਗੇਗਾ।ਸ੍ਰੀ ਅੰਮ੍ਰਿਤਸਰ ਸਾਹਿਬ ਵਿੱਚ ਨੌਂ ਗੁਰੂ ਸਾਹਿਬਾਨਾਂ ਨੇ ਸਰੀਰਕ ਰੂਪ ਵਿੱਚ ਆਪਣੇ ਮੁਬਾਰਕ ਚਰਨ ਪਾਏ ਹਨ, ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਨੇ ਇਹ ਨਗਰ ਵਸਾਇਆ, ਇੱਥੇ ਹੀ ਸਿੱਖ ਕੌਮ ਦਾ ਕੇਂਦਰੀ ਅਸਥਾਨ ਸ੍ਰੀ ਦਰਬਾਰ ਸਾਹਿਬ ਅਤੇ ਸਰਵਉੱਚ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਮੌਜੂਦ ਹੈ।ਇੱਥੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਸੰਪਾਦਨਾ ਹੋਈ ਤੇ ਇੱਥੇ ਹੀ ਛੇਵੇਂ ਪਾਤਸ਼ਾਹ ਨੇ ਪਹਿਲੀ ਜੰਗ ਲੜੀ।

ਸ੍ਰੀ ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦਿਵਾਉਣ ਲਈ ਦਮਦਮੀ ਟਕਸਾਲ ਦੇ ਚੌਦ ਹਵੇਂ ਮੁਖੀ ਅਮਰ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ, ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਅਮਰ ਸ਼ਹੀਦ ਭਾਈ ਸਾਹਿਬ ਭਾਈ ਅਮਰੀਕ ਸਿੰਘ ਜੀ ਖ਼ਾਲਸਾ, ਦਲ ਖ਼ਾਲਸਾ ਦੇ ਪ੍ਰਧਾਨ ਭਾਈ ਗਜਿੰਦਰ ਸਿੰਘ ਹਾਈਜੈਕਰ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਲੰਬਾ ਸੰਘਰਸ਼ ਕੀਤਾ ਸੀ। ਧਰਮ ਯੁੱਧ ਮੋਰਚੇ ਵਿੱਚ ਵੀ ਇਹ ਮੰਗ ਸ਼ਾਮਲ ਸੀ ਜਿਸ ਨੂੰ ਭਾਰਤ ਦੀ ਕਾਂਗਰਸ ਸਰਕਾਰ ਨੇ ਅੱਤਵਾਦ ਤੇ ਵੱਖਵਾਦ ਨਾਲ ਜੋੜ ਦਿੱਤਾ ਤੇ ਭਾਜਪਾ ਦੇ ਵਿਧਾਇਕ ਹਰਬੰਸ ਲਾਲ ਖੰਨਾ ਨੇ ਇਸ ਮੰਗ ਦੇ ਵਿਰੁੱਧ ਸ੍ਰੀ ਅੰਮ੍ਰਿਤਸਰ ਵਿੱਚ ਮਾਰਚ ਕੱਢਿਆ ਤੇ ਤਲਵਾਰਾਂ ਅਤੇ ਤ੍ਰਿਸ਼ੂਲਾਂ ਉੱਤੇ ਬੀੜੀਆਂ-ਸਿਗਰਟਾਂ ਬੰਨ੍ਹ ਕੇ ਨਾਹਰੇ ਲਗਾਏ ਗਏ ਕਿ ÷ਬੀੜੀ-ਸਿਗਰਟ ਪੀਏਂਗੇ, ਬੜੀ ਸ਼ਾਨ ਸੇ ਜੀਏਂਗੇ।ਕੱਛ, ਕੜਾ-ਕਿਰਪਾਨ, ਭੇਜ ਦਿਆਂਗੇ ਪਾਕਿਸਤਾਨ।ਦੁੱਕੀ-ਤਿੱਕੀ ਖਹਿਣ ਨ੍ਹੀਂ ਦੇਣੀ, ਸਿਰ 'ਤੇ ਪਗੜੀ ਰਹਿਣ ਨ੍ਹੀਂ ਦੇਣੀ।÷ ਫਿਰ ਸ੍ਰੀ ਅੰਮ੍ਰਿਤਸਰ ਦੇ ਰੇਲਵੇ ਸਟੇਸ਼ਨ ਉੱਤੇ ਲੱਗੀ ਸ੍ਰੀ ਗੁਰੂ ਰਾਮਦਾਸ ਜੀ ਦੀ ਤਸਵੀਰ ਅਤੇ ਸ੍ਰੀ ਦਰਬਾਰ ਸਾਹਿਬ ਦੇ ਮਾਡਲ ਨੂੰ ਫ਼ ਰਕੂ ਹਿੰਦੂਤਵੀਆਂ ਵੱਲੋਂ ਤੋੜਿਆ ਗਿਆ ਤੇ ਉਸ ਉੱਤੇ ਸਿਗਰਟਾਂ ਸੁੱਟੀਆਂ ਗਈਆਂ। ਇਸ ਦੇ ਨਾਲ ਹੀ ਇਨ੍ਹਾਂ ਹਿੰਦੂਵਾਦੀਆਂ ਨੇ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਵਿੱਚ ਵੀ ਸਿਗਰਟਾਂ ਸੁੱਟੀਆਂ ਤੇ ਭਾਜਪਾ ਦੇ ਸੀਨੀਅਰ ਆਗੂ ਐਲ ਕੇ ਅਡਵਾਨੀ ਅਤੇ ਲਕਸ਼ਮੀ ਕਾਂਤਾ ਚਾਵਲਾ ਨੇ ਪੰਜਾਬ ਨੂੰ ਫ਼ੌਜ ਦੇ ਹਵਾਲੇ ਕਰਨ ਲਈ ਮਾਰਚ ਕੱਢੇ।ਹਿੰਦੂਤਵੀਆਂ ਨੇ ਇੱਕ ਸ਼ਰਾਰਤ ਤਹਿਤ ਸ੍ਰੀ ਦਰਬਾਰ ਸਾਹਿਬ ਦੇ ਆਸ-ਪਾਸ ਅਨੇਕਾਂ ਮੀਟ, ਸ਼ਰਾਬ ਅਤੇ ਤੰਬਾਕੂ ਦੀਆਂ ਦੁਕਾਨਾਂ ਖੋਲ੍ਹ ਦਿੱਤੀਆਂ ਅਤੇ ਸ੍ਰੀ ਦਰਬਾਰ ਸਾਹਿਬ ਨੂੰ ਆਉਣ ਵਾਲੇ ਹਰ ਰਸਤੇ ਵਿੱਚ ਛੋਟੇ-ਛੋਟੇ ਮੰਦਰ ਬਣਾ ਦਿੱਤੇ ਤੇ ਸ੍ਰੀ ਦਰਬਾਰ ਸਾਹਿਬ ਨੂੰ ਸਵਰਨ ਮੰਦਰ ਤੇ ਵਿਸ਼ਨੂੰ ਮੰਦਰ ਵਜੋਂ ਪ੍ਰਚਾਰਿਆ।ਸਰਕਾਰ ਨੇ ਸ੍ਰੀ ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਨਹੀਂ ਸੀ ਦਿੱਤਾ, ਸਗੋਂ ਸ੍ਰੀ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲਾ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਢਹਿ-ਢੇਰੀ ਕਰ ਦਿੱਤਾ ਅਤੇ ਸ੍ਰੀ ਅੰਮ੍ਰਿਤਸਰ ਸਮੇਤ ਸਮੁੱਚੇ ਪੰਜਾਬ ਨੂੰ ਸਿੱਖਾਂ ਦੇ ਖ਼ੂਨ ਨਾਲ ਰੰਗ ਦਿੱਤਾ ਜਿਸ ਤੋਂ ਬਾਅਦ ਅਣਖੀ ਸਿੱਖਾਂ ਨੇ ਹਥਿਆਰਬੰਦ ਹੋ ਕੇ ਦਸ ਸਾਲ ਲੜਾਈ ਲੜੀ ਜਿਸ ਦੌਰਾਨ ਅਨੇਕਾਂ ਸਿੱਖਾਂ ਨੂੰ ਤਸੀਹੇ ਝੱਲਣੇ ਪਏ ਤੇ ਬੇਅੰਤ ਸ਼ਹਾਦਤਾਂ ਹੋਈਆਂ।

ਪਰ ਐਨਾ ਕੁਝ ਵਾਪਰਨ ਦੇ ਬਾਵਜੂਦ ਵੀ ਕੇਂਦਰ ਅਤੇ ਸੂਬਾ ਸਰਕਾਰਾਂ ਨੇ ਸ੍ਰੀ ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਨਹੀਂ ਦਿੱਤਾ, ਹਾਲਾਂਕਿ ਹਿੰਦੂ ਧਰਮ ਨਾਲ ਸੰਬੰਧਤ ਕਈ ਸ਼ਹਿਰਾਂ ਨੂੰ ਬਿਨਾਂ ਕੋਈ ਸੰਘਰਸ਼ ਕੀਤਿਆਂ ਜਾਂ ਮੰਗ ਉਠਾਏ ਬਿਨਾਂ ਹੀ ਪਵਿੱਤਰ ਸ਼ਹਿਰ ਐਲਾਨਿਆ ਗਿਆ ਪਰ ਸਿੱਖ ਕੌਮ ਦੇ ਨਾਲ ਵਿਤਕਰਾ ਜਿਉਂ ਦਾ ਤਿਉਂ ਕਾਇਮ ਰਿਹਾ।ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਸ੍ਰੀ ਅਨੰਦਪੁਰ ਸਾਹਿਬ ਨੂੰ ਪਵਿੱਤਰ ਸ਼ਹਿਰਾਂ ਦਾ ਦਰਜਾ ਦਿਵਾਉਣ ਲਈ ਜਥੇਦਾਰ ਜਗਤਾਰ ਸਿੰਘ ਹਵਾਰਾ ਕਮੇਟੀ, ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਅਤੇ ਹੋਰ ਕਈ ਜਥੇਬੰਦੀਆਂ ਵੱਲੋਂ ਵੀ ਸਮੇਂ-ਸਮੇਂ ਉੱਤੇ ਮਾਰਚ-ਪ੍ਰਦਰਸ਼ਨ ਕਰਕੇ ਇਹ ਮੰਗ ਉਠਾਈ ਗਈ।ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਤਿਕਾਰ ਕਮੇਟੀ ਦੇ ਸਿੰਘਾਂ ਨੇ ਤਾਂ ਕਈ ਵਾਰ ਸੰਘਰਸ਼ ਕਰਕੇ ਸ੍ਰੀ ਦਰਬਾਰ ਸਾਹਿਬ ਦੇ ਬਾਹਰਵਾਰ ਚੌਗਿਰਦੇ ਵਿੱਚੋਂ ਦੁਕਾਨਾਂ ਅਤੇ ਹੋਟਲਾਂ ਉੱਤੇ ਛਾਪੇ ਮਾਰ ਕੇ ਤੰਬਾਕੂ ਦੀਆਂ ਪੁੜੀਆਂ ਅਤੇ ਹੋਰ ਨਸ਼ੇ ਚੁਕਵਾਏ, ਠੇਕੇ ਬੰਦ ਕਰਵਾਏ ਤੇ ਮੀਟ ਦੀਆਂ ਦੁਕਾਨਾਂ ਦਾ ਵੀ ਭਾਰੀ ਵਿਰੋਧ ਕੀਤਾ।ਦੋ ਵਾਰ ਤਾਂ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਸਿੰਘਾਂ ਨੇ ਤੰਬਾਕੂ ਦੇ ਖੋਖਿਆਂ ਨੂੰ ਅੱਗਾਂ ਵੀ ਲਾਈਆਂ ਅਤੇ ਸ਼ਰਾਬ ਦੇ ਠੇਕੇ ਤੋੜੇ।ਸ੍ਰੀ ਅੰਮ੍ਰਿਤਸਰ-ਜਲੰਧਰ ਰੋਡ 'ਤੇ ਬਣੇ ਸਵਾਗਤੀ ਗੇਟ ਨੇੜਿਓਂ ਵੀ ਅਸੀਂ ਦੋ ਵਾਰ ਸ਼ਰਾਬ ਦਾ ਠੇਕਾ ਬੰਦ ਕਰਵਾਇਆ।

ਦੂਜੀਆਂ ਸਰਕਾਰਾਂ ਨੇ ਤਾਂ ਇਸ ਮਾਮਲੇ ਉੱਤੇ ਕੀ ਕਰਨਾ ਸੀ ਸਗੋਂ ਅਖੌਤੀ ਪੰਥਕ ਬਾਦਲ ਸਰਕਾਰ ਨੇ ਵੀ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਪਵਿੱਤਰਤਾ ਨੂੰ ਮੁੱਖ ਰੱਖਦਿਆਂ ਮੀਟ, ਸ਼ਰਾਬ ਅਤੇ ਤੰਬਾਕੂ ਦੀਆਂ ਦੁਕਾਨਾਂ ਬੰਦ ਨਾ ਕਰਵਾਈਆਂ ਤੇ ਜਿਹੜੇ ਸਿੰਘ ਇਸ ਖ਼ ਲਾਫ਼ ਸੰਘਰਸ਼ ਕਰਦੇ ਰਹੇ ਉਹਨਾਂ ਉੱਤੇ ਕੇਸ ਦਰਜ ਹੁੰਦੇ ਰਹੇ। ਭਾਈ ਬਲਦੇਵ ਸਿੰਘ ਵਡਾਲਾ ਨੇ ਵੀ ਪਿਛਲੇ ਸਮੇਂ ਵਿੱਚ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦਿਵਾਉਣ ਲਈ ਕਾਫ਼ੀ ਆਵਾਜ਼ ਚੁੱਕੀ ਸੀ, ਉਸ ਸਮੇਂ ਬਾਦਲਾਂ ਦੀ ਸਰਕਾਰ ਸੀ ਜਿਨ੍ਹਾਂ ਦੇ ਕੰਨ ਉੱਤੇ ਜੂੰ ਨਹੀਂ ਸਰਕੀ।ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਵੀ ਸਿੱਖਾਂ ਦੀ ਹਮਾਇਤੀ ਹੋਣ ਦਾ ਢਕਵੰਜ ਰਚਦੀ ਹੈ ਪਰ ਇਸ ਕੇਂਦਰ ਸਰਕਾਰ ਨੇ ਵੀ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਹੋਰ ਸ਼ਹਿਰਾਂ ਨੂੰ ਪਵਿੱਤਰ ਸ਼ਹਿਰਾਂ ਦਾ ਦਰਜਾ ਨਹੀਂ ਦਿੱਤਾ।ਹੁਣ ਤਾਂ ਭਾਜਪਾ ਦਾ ਇੱਕ ਆਗੂ ਜਗਮੋਹਨ ਸਿੰਘ ਰਾਜੂ ਵੀ ਪਿਛਲੇ ਕੁਝ ਮਹੀਨਿਆਂ ਤੋਂ ਸ੍ਰੀ ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦਿਵਾਉਣ ਦੀ ਮੰਗ ਕਰ ਰਿਹਾ ਹੈ, ਜਿਸ ਬਾਰੇ ਚਰਚਾ ਹੈ ਕਿ ਇਹ ਸਿਰਫ ਭਾਜਪਾ ਦੀ ਵੋਟ ਸਿਆਸਤ ਹੈ ਕਿਉਂਕਿ ਇਸੇ ਭਾਜਪਾ ਨੇ ਹੀ ਇਸ ਮੰਗ ਦਾ ਸਭ ਤੋਂ ਪਹਿਲਾਂ ਵਿਰੋਧ ਕੀਤਾ ਸੀ ਤੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਵਿਰੁੱਧ ਕਾਰਵਾਈ ਤੇ ਸ੍ਰੀ ਦਰਬਾਰ ਸਾਹਿਬ ਉੱਤੇ ਹਮਲਾ ਕਰਵਾਉਣ ਲਈ ਪਿੜ ਬੰਨ੍ਹ ਆ ਸੀ। ਹੁਣ ਵੇਖਣਾ ਇਹ ਹੋਵੇਗਾ ਕਿ ਭਗਵੰਤ ਮਾਨ ਸਰਕਾਰ ਜੋ ਇਹਨਾਂ ਤਿੰਨਾਂ ਪਵਿੱਤਰ ਸ਼ਹਿਰਾਂ ਵਿੱਚੋਂ ਸ਼ਰਾਬ, ਮੀਟ ਤੇ ਤੰਬਾਕੂ ਦੀਆਂ ਦੁਕਾਨਾਂ ਬਾਹਰ ਕੱਢਦੀ ਵੀ ਹੈ ਜਾਂ ਫਿਰ ਪਹਿਲੀਆਂ ਸਰਕਾਰਾਂ ਵਾਂਗ ਜੁਮਲੇ ਹੀ ਛੱਡਦੀ ਹੈ। ਵੈਸੇ ਭਗਵੰਤ ਮਾਨ ਦੇ ਇਸ ਐਲਾਨ ਨਾਲ ਸਭ ਤੋਂ ਵੱਧ ਤਕਲੀਫ ਸੁਖਬੀਰ ਸਿੰਘ ਬਾਦਲ ਤੇ ਉਸ ਦੀ ਜੁੰਡਲੀ ਨੂੰ ਹੋ ਰਹੀ ਹੈ ਕਿਉਂਕਿ ਸਿੱਖ ਸੰਗਤਾਂ ਸਭ ਤੋਂ ਵੱਧ ਲਾਹਣਤਾਂ ਇਸ ਗਦਾਰ ਟੋਲੇ ਨੂੰ ਹੀ ਪਾ ਰਹੀਆਂ ਹਨ।

ਇੱਕ ਗੱਲ ਉੱਤੇ ਹੋਰ ਵੀ ਧਿਆਨ ਦੇਣ ਦੀ ਲੋੜ ਹੈ ਕਿ ਭਗਵੰਤ ਮਾਨ ਸਰਕਾਰ ਨੇ ਇਸ ਐਲਾਨ ਦੌਰਾਨ ਸਿਰਫ ਸ੍ਰੀ ਦਰਬਾਰ ਸਾਹਿਬ ਦੇ ਗਲਿਆਰੇ ਨੂੰ ਹੀ ਪਵਿੱਤਰ ਕਰਨ ਦੀ ਗੱਲ ਕੀਤੀ ਹੈ।ਜਦ ਕਿ ਗਲਿਆਰੇ ਵਿੱਚੋਂ ਤਾਂ ਸਿੱਖ ਜਥੇਬੰਦੀਆਂ ਪਹਿਲਾਂ ਹੀ ਮੀਟ, ਸ਼ਰਾਬ ਤੇ ਤੰਬਾਕੂ ਦੀਆਂ ਦੁਕਾਨਾਂ ਬੰਦ ਕਰਵਾ ਚੁੱਕੀਆਂ ਹਨ।ਇਸ ਐਲਾਨ ਮੁਤਾਬਕ ਗਲਿਆਰੇ ਦਾ ਦਾਇਰਾ ਕਿੰਨਾ ਕੁ ਹੈ ?ਆਮ ਆਦਮੀ ਪਾਰਟੀ ਦੇ ਆਗੂ ਸਰਦਾਰ ਕੁਲਤਾਰ ਸਿੰਘ ਸੰਧਵਾ ਸਪੱਸ਼ਟੀਕਰਨ ਦਿੰਦੇ ਹਨ ਕਿ ਕੀ ਇਹ ਫੈਸਲਾ ਚਾਰ ਦੀਵਾਰੀ ਤੱਕ ਲਾਗੂ ਹੋਵੇਗਾ। ਹੁਣ ਇਹ ਚਾਰ ਦੀਵਾਰੀ ਦਾ ਘੇਰਾ ਵੀ ਕਿੰਨਾ ਕੁ ਹੈ ? ਕੀ ਸਰਕਾਰ ਸ੍ਰੀ ਅੰਮ੍ਰਿਤਸਰ ਦੇ ਸਿੱਖ ਰਾਜ ਸਮੇਂ ਬਣੇ 12 ਦਰਵਾਜ਼ਿਆਂ ਵਿੱਚੋਂ ਇਹ ਦੁਕਾਨਾਂ ਬੰਦ ਕਰਵਾਉਣ ਦੀ ਗੱਲ ਕਰ ਰਹੀ ਹੈ ਜਾਂ ਫਿਰ ਚਾਰ ਦੀਵਾਰੀ ਵੀ ਬਹੁਤ ਘੱਟ ਜਗ ਹਾ ਤੱਕ ਸੀਮਤ ਰੱਖੀ ਹੈ।ਸੋ ਸਰਕਾਰ ਨੇ ਇਹ ਭੰਬਲਭੂਸਾ ਕਿਉਂ ਪੈਦਾ ਕੀਤਾ ਹੈ ? ਸੋ ਸਿੱਖ ਸੰਗਤਾਂ ਦਾ ਕਹਿਣਾ ਹੈ ਕਿ ਗਲਿਆਰੇ ਜਾਂ ਚਾਰ ਦਿਵਾਰੀ ਤੱਕ ਸੀਮਤ ਨਾ ਰਹੋ, ਬਲਕਿ ਪੂਰੇ ਸ੍ਰੀ ਅੰਮ੍ਰਿਤਸਰ ਸਾਹਿਬ ਵਿੱਚੋਂ ਮੀਟ, ਸ਼ਰਾਬ ਅਤੇ ਤੰਬਾਕੂ ਦੀਆਂ ਦੁਕਾਨਾਂ ਪੱਕੇ ਤੌਰ ਉੱਤੇ ਬੰਦ ਕਰੋ।

**ਰਣਜੀਤ ਸਿੰਘ ਦਮਦਮੀ ਟਕਸਾਲ**

# Beard battle: Sikh student in Australia wins case; was initially asked to get clean-shaven for wearing PPE mask



A 19-year-old Sikh student in Australia's Monash University filed a case with the Australian Human Rights Commission against Ambulance Victoria, the state agency for ambulance service for Victoria, after he was asked to come clean-shaven on the first day of his on-the-job training. Paramedic student Prabhjeet Gill said he had requested the agency in advance to use the 'Singh Thattha' method, where Sikh people wear a medical mask with the help of an elastic band. Singh said he was extremely disappointed and shocked as he believed that Victoria Ambulance endorsed the Singh Thattha method."Just like the turban, the beard is part of our identity," Gill told the ABC. "It's a belief that we shouldn't remove any hair from our body, we should leave it the way God created us."Gill said after his incident created a flutter, he was allowed to wear the mask on his beard using the Singh Thatta technique but he felt that someone else might face a similar situation some day and then he decided to file an official complaint with the Australian Human Rights Commission."Nobody should ever have to fight against a state government organisation to be able to wear their religious identity," Gill said. "So I wish it was a win, but at the end of the day, it was just about getting our rights back."A "I'm happy that I can continue my studies and placement with Ambulance Victoria, but whether I can get a job with Ambulance Victoria, subsequently, after all this, remains to be seen. "Ambulance Victoria says they are changing policiesIn a letter to the commission on November 24, Ambulance Victoria said it "acknowledged the concerns raised by Mr Gill" in relation to Ambulance Victoria's failure to adopt his preferred method of mask fitting. "Perhaps unbeknownst to Mr Gill, Ambulance Victoria has reconsidered its position regarding the 'Singh Thattha' method of mask fitting for PPE [personal protective equipment] and has recently engaged with Monash Health to assist with this method of mask fitting upon request by an AV employee," it said.Facial hair often obstructs in tight sealing of a PPE Mask and the Singh Thatta technique involves using an elastic band to cover the beard to create a smooth surface which is tied to head. Then the respirator mask is worn on the band.

Courtesy:TOI

# ਮਹਾਰਾਜਾ ਦਲੀਪ ਸਿੰਘ ਨਾਲ ਸੰਬੰਧਿਤ ਦੋ ਕੁਰਸੀਆਂ ਲੰਡਨ 'ਚ 9 ਲੱਖ ਰੁਪਏ ਤੋਂ ਵੱਧ ਦੀਆਂ ਨਿਲਾਮ





ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ)-ਸਿੱਖ ਰਾਜ ਦੇ ਆਖਰੀ ਸਿੱਖ ਸ਼ਾਸਕ ਮਹਾਰਾਜਾ ਦਲੀਪ ਸਿੰਘ ਨਾਲ ਸੰਬੰਧਿਤ 19ਵੀਂ ਸਦੀ ਦੀਆਂ ਦੋ ਕੁਰਸੀਆਂ ਹਾਲ ਹੀ ਵਿਚ ਲੰਡਨ ਦੇ ਓਲੰਪੀਆ ਨਿਲਾਮੀ ਘਰ ਵਿਚ ਨਿਲਾਮ ਕੀਤੀਆਂ ਗਈਆਂ ਹਨ।ਓਲੰਪੀਆ ਨਿਲਾਮੀ ਘਰ ਮੁਤਾਬਕ ਇਹ ਦੋਵੇਂ ਕੁਰਸੀਆਂ 8000 ਪਾਊਂਡ (9 ਲੱਖ 46 ਹਜ਼ਾਰ ਰੁਪਏ ਤੋਂ ਵੱਧ) ਵਿਚ ਨਿਲਾਮ ਹੋਈਆਂ ਹਨ।ਇਹ ਕੁਰਸੀਆਂ ਮਹਾਰਾਜਾ ਦਲੀਪ ਸਿੰਘ ਵਲੋਂ ਲਾਹੌਰ ਦਰਬਾਰ ਦੀ ਤਰਜ਼ 'ਤੇ ਬਣਾਏ ਸਫੋਲਕ-ਨੋਰਫੋਕ ਸਰਹੱਦ 'ਤੇ ਐਲਵਡਨ ਹਾਲ ਦਾ ਹਿੱਸਾ ਸਨ। ਆਪਣੀ ਜਲਾਵਤਨੀ ਦੌਰਾਨ ਮਹਾਰਾਜਾ ਦਲੀਪ ਸਿੰਘ ਨੇ 1863 ਵਿਚ ਐਲਵੇਡਨ ਅਸਟੇਟ ਜਾਇਦਾਦ ਖਰੀਦੀ ਸੀ ਅਤੇ 1893 ਵਿਚ 55 ਸਾਲ ਦੀ ਉਮਰ ਵਿਚ ਉਨ੍ਹਾਂ ਦੀ ਮੌਤ ਤੋਂ ਬਾਅਦ ਇਸ ਜਾਇਦਾਦ ਨੂੰ ਮਸ਼ਹੂਰ ਗਿੰਨੀਜ਼ ਬਰੂਇੰਗ ਪਰਿਵਾਰ ਦੇ ਐਡਵਰਡ ਸੇਸਿਲ ਗਿਨੀਜ਼ ਨੇ ਖਰੀਦ ਲਿਆ ।ਇਹ ਕੁਰਸੀਆਂ ਜੋ ਕਿ ਮੁੰਬਈ ਵਿਚ ਸਾਲ 1850 ਆਸ-ਪਾਸ ਬਣੀਆਂ ਅਤੇ ਐਡਵਰਡ ਗਿੰਨੀਜ਼ ਦੇ ਜਾਇਦਾਦ ਸੰਭਾਲਣ ਤੋਂ ਬਾਅਦ ਵੀ ਉਸੇ ਜਾਇਦਾਦ ਵਿੱਚ ਹੀ ਰਹੀਆਂ। ਇਹ ਦੋ ਕੁਰਸੀਆਂ ਕ੍ਰਿਸਟੀਜ਼ ਦੁਆਰਾ ਸਾਲ 1984 ਵਿਚ ਅਰਲ ਆਫ਼ ਇਵੇਗ ਦੀ ਤਰਫੋਂ ਐਲਵੇਡਨ ਅਸਟੇਟ ਦੇ ਹਿੱਸੇ ਵਜੋਂ ਵੇਚੀਆਂ ਗਈਆਂ ਸਨ।ਮੰਨਿਆ ਜਾਂਦਾ ਹੈ ਕਿ ਇਹ ਕੁਰਸੀਆਂ ਮਹਾਰਾਜਾ ਦਲੀਪ ਸਿੰਘ ਦੇ ਦਿਹਾਂਤ ਤੋਂ ਬਾਅਦ ਘਰ ਵਿਚ ਬਚੀਆਂ ਕੁਝ ਚੀਜ਼ਾਂ 'ਚੋਂ ਇਕ ਸਨ।

# ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਆਪਣੇ ਸਮੁੱਚੇ ਕਰਮਚਾਰੀਆਂ ਨੂੰ ਹਸਤਾਖ਼ਰ ਪੰਜਾਬੀ ਵਿਚ ਕਰਨ ਦੇ ਹੁਕਮ



ਪੰਜਾਬੀ ਯੂਨੀਵਰਸਿਟੀ, ਪਟਿਆਲਾ

ਈ-ਮੇਲ ਰਾਹੀਂ

ਨੰਬਰ 18583

ਮਿਤੀ 27-11-2025

ਦਫ਼ਤਰੀ ਆਦੇਸ਼

ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਅਨੁਸਾਰ ਯੂਨੀਵਰਸਿਟੀ ਦੇ ਸਮੂਹ ਅਧਿਕਾਰੀਆਂ/ਕਰਮਚਾਰੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਯੂਨੀਵਰਸਿਟੀ ਦੇ ਸਮੁੱਚੇ ਦਫ਼ਤਰੀ ਕੰਮ ਕਾਜ ਲਈ ਹਸਤਾਖਰ ਪੰਜਾਬੀ ਵਿੱਚ ਕੀਤੇ ਜਾਣ। ਇਨ੍ਹਾਂ ਆਦੇਸ਼ਾਂ ਦੀ ਇਨ-ਬਿਨ ਪਾਲਣਾ ਕੀਤੀ ਜਾਵੇ।

ਰਜਿਸਟਰਾਰ

ਉਤਾਰਾ :

1) ਸਮੂਹ ਅਧਿਆਪਨ/ਗੈਰ ਅਧਿਆਪਨ, ਖੋਜ ਵਿਭਾਗਾਂ/ਬ੍ਰਾਂਚਾਂ/ ਬਾਹਰਲੇ ਸੈਂਟਰਾਂ/ਕਾਂਸਟੀਚਿਊਟ ਕਾਲਜਾਂ/ਨੇਬਰਹੁੱਡ ਕੈਂਪਸਿਜ਼ ਦੇ ਮੁਖੀਆਂ ਨੂੰ ਸੂਚਨਾ ਹਿੱਤ।

ਪਟਿਆਲਾ-ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਪੰਜਾਬੀ ਭਾਸ਼ਾ ਨੂੰ ਬਣਦਾ ਮਾਣ ਸਨਮਾਨ ਦੇਣ ਲਈ ਆਪਣੇ ਸਮੁੱਚੇ ਕਰਮਚਾਰੀਆਂ ਨੂੰ ਹਸਤਾਖ਼ਰ ਪੰਜਾਬੀ ਵਿਚ ਕਰਨ ਦੇ ਹੁਕਮ ਜਾਰੀ ਕੀਤੇ ਹਨ। ਇਸ ਸਬੰਧੀ ਯੂਨੀਵਰਸਿਟੀ ਦੇ ਰਜਿਸਟਰਾਰ ਵੱਲੋਂ ਦਫ਼ਤਰੀ ਆਦੇਸ਼ ਜਾਰੀ ਕਰਦਿਆਂ ਹੋਇਆਂ ਆਪਣੇ ਕਰਮਚਾਰੀਆਂ ਨੂੰ ਹਦਾਇਤ ਦਿੱਤੀ ਹੈ ਕਿ ਵਾਈਸ ਚਾਂਸਲਰ ਸਾਹਿਬ ਦੇ ਆਦੇਸ਼ਾਂ ਅਨੁਸਾਰ ਯੂਨੀਵਰਸਿਟੀ ਦੇ ਸਮੂਹ ਅਧਿਕਾਰੀਆਂ/ਕਰਮਚਾਰੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਯੂਨੀਵਰਸਿਟੀ ਦੇ ਸਮੁੱਚੇ ਦਫ਼ਤਰੀ ਕੰਮਕਾਜ ਲਈ ਹਸਤਾਖਰ ਪੰਜਾਬੀ ਵਿੱਚ ਕੀਤੇ ਜਾਣ। ਇਨ੍ਹਾਂ ਆਦੇਸ਼ਾਂ ਦੀ ਇਨ-ਬਿਨ ਪਾਲਣਾ ਕੀਤੀ ਜਾਵੇ।ਵਿਭਾਗ ਵਲੋਂ ਇਸਦਾ ਉਤਾਰਾ ਸਮੂਹ ਅਧਿਆਪਨ/ਗੈਰ ਅਧਿਆਪਨ, ਖੋਜ ਵਿਭਾਗਾਂ/ਬ੍ਰਾਂਚਾਂ/ਬਾਹਰਲੇ ਸੈਂਟਰਾਂ/ਕਾਂਸਟੀਚਿਊਟ ਕਾਲਜਾਂ/ਨੇਬਰਹੁੱਡ ਕੈਂਪਸਿਜ਼ ਦੇ ਮੁਖੀਆਂ ਨੂੰ ਸੂਚਨਾ ਹਿੱਤ ਵੀ ਭੇਜਿਆ ਹੈ।ਯੂਨੀਵਰਸਿਟੀ ਵੱਲੋਂ ਆਪਣੇ ਕਰਮਚਾਰੀਆਂ ਨੂੰ ਜਾਰੀ ਕੀਤੇ ਇਸ ਆਦੇਸ਼ ਨਾਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਪੰਜਾਬੀ ਭਾਸ਼ਾ ਨਾਲ ਇਨਸਾਫ਼ ਕੀਤਾ ਤਾਂ ਗਿਆ ਹੈ ਪਰੰਤੂ ਜੇਕਰ ਇਹ ਆਦੇਸ਼ ਕਾਫੀ ਚਿਰ ਪਹਿਲਾਂ ਸਖਤੀ ਨਾਲ ਲਾਗੂ ਕੀਤੇ ਜਾਂਦੇ ਤਾਂ ਹੋਰ ਚੰਗਾ ਹੁੰਦਾ, ਪ੍ਰੰਤੂ ਫਿਰ ਵੀ ਦੇਰ ਆਏ ਦਰੁਸਤ ਆਏ ਕਿਹਾ ਜਾ ਸਕਦਾ ਹੈ।

# ਨੌਵੇਂ ਪਾਤਸ਼ਾਹ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਦੀ ਯਾਦਗਾਰ ਵਜੋਂ 'ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਕੰਪਲੈਕਸ' ਦਾ ਰੱਖਿਆ ਨੀਂਹ ਪੱਥਰ

ਸ੍ਰੀ ਅੰਮ੍ਰਿਤਸਰ-ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਦੀ ਸਦੀਵੀ ਯਾਦਗਾਰ ਵਜੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਜ਼ਦੀਕ ਅਕਾਲੀ ਮਾਰਕੀਟ ਦੇ ਸਥਾਨ 'ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਯਾਦਗਾਰੀ ਕੰਪਲੈਕਸ ਦਾ ਅੱਜ ਅਰਦਾਸ ਮਗਰੋਂ ਨੀਂਹ ਪੱਥਰ ਰੱਖਿਆ ਗਿਆ ਮੁੱਢਲੇ ਤੌਰ ਇਥੇ ਚਾਰ ਬਲਾਕਾਂ ਦੇ ਨਿਰਮਾਣ ਦਾ ਕਾਰਜ ਸ਼ੁਰੂ ਕੀਤਾ ਗਿਆ ਹੈ, ਜਿਸ ਦੀ ਆਰੰਭਤਾ ਮੌਕੇ ਅੱਜ ਸ਼ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਮੌਜੂਦ ਸਨ। ਇਸ ਮੌਕੇ ਗੱਲਬਾਤ ਕਰਦਿਆਂ ਸ਼ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਨੌਵੇਂ ਪਾਤਸ਼ਾਹ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਸ਼ਰੋਮਣੀ ਕਮੇਟੀ ਵੱਲੋਂ ਸਿੱਖ ਜਥੇਬੰਦੀਆਂ ਅਤੇ ਸੰਗਤਾਂ ਦੇ ਸਹਿਯੋਗ ਨਾਲ ਕੌਮੀ ਪੱਧਰ 'ਤੇ ਮਨਾਈ ਜਾ ਰਹੀ ਹੈ ਅਤੇ ਇਸ ਸ਼ਤਾਬਦੀ ਦੀ ਯਾਦਗਾਰ ਵਜੋਂ ਨੌਵੇਂ ਪਾਤਸ਼ਾਹ ਦੇ ਨਾਂ 'ਤੇ ਇਹ ਵਿਸ਼ਾਲ ਕੰਪਲੈਕਸ ਸਥਾਪਤ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਇਸ ਯਾਦਗਾਰੀ ਕੰਪਲੈਕਸ ਵਿਚ ਸੰਗਤ ਲਈ ਇਕ ਹਜ਼ਾਰ ਤੋਂ ਵੱਧ ਕਮਰੇ ਤਿਆਰ ਕਰਨ ਦੇ ਨਾਲ-ਨਾਲ ਵਿਸ਼ਾਲ ਪਾਰਕਿੰਗ, 25 ਹਾਲ ਅਤੇ ਮਾਰਕੀਟ ਬਣਾਈ ਜਾਵੇਗੀ।ਇਸ ਤੋਂ ਇਲਾਵਾ ਇਥੇ ਗੁਰੂ ਸਾਹਿਬ ਨਾਲ ਸ਼ਹੀਦ ਹੋਣ ਵਾਲੇ ਭਾਈ ਮਤੀਦਾਸ ਜੀ, ਭਾਈ ਸਤੀਦਾਸ ਜੀ ਅਤੇ ਭਾਈ ਦਿਆਲਾ ਜੀ ਦੇ ਨਾਂ 'ਤੇ ਵੱਖ-ਵੱਖ ਬਲਾਕ ਬਣਾਏ ਜਾਣਗੇ। ਐਡਵੋਕੇਟ ਧਾਮੀ ਨੇ ਕਿਹਾ ਕਿ ਸ਼ਤਾਬਦੀਆਂ ਸਮੇਂ ਗੁਰਮਤਿ ਸਮਾਗਮਾਂ ਦੇ ਨਾਲ-ਨਾਲ ਸ਼ਰੋਮਣੀ ਕਮੇਟੀ ਵੱਲੋਂ ਸਦੀਵੀ ਯਾਦਗਾਰਾਂ ਉਸਾਰਨ ਦਾ ਉੱਦਮ ਕੀਤਾ ਜਾਂਦਾ ਹੈ, ਜਿਸ ਤਹਿਤ ਪਹਿਲਾਂ ਵੀ ਖ਼ਾਲਸਾ ਸਾਜਣਾ ਦਿਵਸ ਦੀ ਤੀਜੀ ਸ਼ਤਾਬਦੀ ਮੌਕੇ ਜਿਥੇ ਗੁਰੂ ਗੋਬਿੰਦ ਸਿੰਘ ਤ੍ਰੈ-ਸ਼ਤਾਬਦੀ ਕਾਲਜ ਸ੍ਰੀ ਅੰਮ੍ਰਿਤਸਰ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਸ੍ਰੀ ਫ਼ਤਹਿਗੜ੍ਹ ਸਾਹਿਬ ਦਾ ਨਿਰਮਾਣ ਕੀਤਾ ਗਿਆ ਸੀ।ਇਹ ਯਾਦਗਾਰੀ ਸੰਸਥਾਵਾਂ ਵਿੱਚੋਂ ਸੈਂਕੜੇ ਵਿਦਿਆਰਥੀਆਂ ਸਿੱਖਿਆ ਲੈ ਕੇ ਆਪਣਾ ਭਵਿੱਖ ਰੌਸ਼ਨ ਕਰ ਰਹੇ ਹਨ।ਹੁਣ ਨੌਵੇਂ ਪਾਤਸ਼ਾਹ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਮੌਕੇ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਸੰਗਤ ਦੇ ਰਹਿਣ ਵਾਸਤੇ ਵਿਸ਼ਾਲ ਕੰਪਲੈਕਸ ਬਣਾਉਣ ਦਾ ਫੈਸਲਾ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਭਾਵੇਂ ਯਾਦਗਾਰਾਂ ਉਸਾਰਨੀਆਂ ਸਰਕਾਰਾਂ ਦਾ ਕਾਰਜ ਹੈ, ਪਰ ਮੌਜੂਦਾ ਸਰਕਾਰ ਕੇਵਲ ਸਿਆਸਤ ਕਰ ਰਹੀ ਹੈ ਅਤੇ ਉਸ ਦਾ ਧਿਆਨ ਅਜਿਹੇ ਉਮਦਾ ਕਾਰਜਾਂ ਵੱਲ ਨਹੀਂ ਹੈ। ਇਸ ਮੌਕੇ ਐਡਵੋਕੇਟ ਧਾਮੀ ਨੇ ਨੌਵੇਂ ਪਾਤਸ਼ਾਹ ਜੀ ਦੇ ਸ਼ਹੀਦੀ ਸ਼ਤਾਬਦੀ ਦੇ ਸਮਾਗਮਾਂ ਦੌਰਾਨ 29 ਨਵੰਬਰ ਨੂੰ ਸ੍ਰੀ ਕੀਰਤਪੁਰ ਸਾਹਿਬ ਤੋਂ ਗੁਰਦੁਆਰਾ ਸੀਸ ਗੰਜ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਤੱਕ ਸਵੇਰੇ 9 ਵਜੇ 'ਸੀਸ ਮਾਰਗ ਨਗਰ ਕੀਰਤਨ' ਵਿਚ ਸੰਗਤ ਨੂੰ ਭਰਵੀਂ ਸ਼ਮੂਲੀਅਤ ਦੀ ਅਪੀਲ ਵੀ ਕੀਤੀ। ਉਨ੍ਹਾਂ ਆਖਿਆ ਕਿ ਇਹ ਨਗਰ ਕੀਰਤਨ 25 ਨਵੰਬਰ ਨੂੰ ਗੁਰਦੁਆਰਾ ਸੀਸ ਗੰਜ ਸਾਹਿਬ ਦਿੱਲੀ ਤੋਂ ਆਰੰਭ ਹੋਇਆ ਸੀ, ਜੋ ਭਾਈ ਜੈਤਾ ਜੀ ਮਾਰਗ ਤੋਂ ਹੁੰਦਾ ਹੋਇਆ 28 ਨਵੰਬਰ ਨੂੰ ਸ੍ਰੀ ਕੀਰਤਪੁਰ ਸਾਹਿਬ ਵਿਖੇ ਪੜਾਅ ਕਰੇਗਾ। ਇਥੋਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮਗਰੋਂ ਖਾਲਸਈ ਜਾਹੋ ਜਲਾਲ ਨਾਲ ਪੈਦਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੁੱਜੇਗਾ। ਇਸ ਮੌਕੇ ਪੁੱਜੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸ਼ਰੋਮਣੀ ਕਮੇਟੀ ਸ਼ਹੀਦੀ ਸ਼ਤਾਬਦੀ ਸਮੇਂ ਨੌਵੇਂ ਪਾਤਸ਼ਾਹ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਨ ਲਈ ਅਹਿਮ ਉਪਰਾਲੇ ਕਰ ਰਹੀ ਹੈ ਅਤੇ ਇਸ ਤਹਿਤ ਗੁਰੂ ਸਾਹਿਬ ਦੇ ਨਾਂ 'ਤੇ ਸੰਗਤ ਲਈ 1000 ਕਮਰਿਆਂ ਵਾਲਾ ਕੰਪਲੈਕਸ ਤਿਆਰ ਕਰਨ ਦਾ ਫੈਸਲਾ ਸ਼ਲਾਘਾਯੋਗ ਹੈ। ਉਨ੍ਹਾਂ ਆਖਿਆ ਕਿ ਇਹ ਯਾਦਗਾਰ ਸਦਾ ਸਿੱਖ ਸੰਗਤ ਨੂੰ ਗੁਰੂ ਸਾਹਿਬ ਜੀ ਦੀ ਸ਼ਹੀਦੀ ਸ਼ਤਾਬਦੀ ਦੇ ਇਤਿਹਾਸਕ ਮੌਕੇ ਨਾਲ ਜੋੜੀ ਰੱਖੇਗੀ।ਉਨ੍ਹਾਂ ਆਖਿਆ ਕਿ ਚਾਹੀਦਾ ਤਾਂ ਇਹ ਸੀ ਕਿ ਸਰਕਾਰ ਅਜਿਹੇ ਕੰਮ ਕਰਦੀ, ਪਰ ਉਸ ਨੇ ਤਾਂ ਆਪਣੀ ਪਬਲੀਸਿਟੀ 'ਤੇ ਹੀ ਲੋਕਾਂ ਦਾ ਪੈਸਾ ਬਰਬਾਦ ਕੀਤਾ ਹੈ।ਇਸ ਤੋਂ ਪਹਿਲਾਂ ਅੱਜ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨਵੀਂ ਚੁਣੀ ਗਈ ਅੰਤ੍ਰਿੰਗ ਕਮੇਟੀ ਦੀ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਪਹਿਲੀ ਬੈਠਕ ਹੋਈ, ਜਿਸ ਵਿਚ ਸ਼ਰੋਮਣੀ ਕਮੇਟੀ, ਗੁਰਦੁਆਰਾ ਸਾਹਿਬਾਨ, ਟਰੱਸਟਾਂ ਅਤੇ ਵਿਦਿਅਕ ਅਦਾਰਿਆਂ ਦੇ ਮਾਮਲੇ ਵਿਚਾਰੇ ਗਏ। ਇਸ ਮੌਕੇ ਸ਼ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, ਜਨਰਲ ਸਕੱਤਰ ਸ. ਸ਼ੇਰ ਸਿੰਘ ਮੰਡਵਾਲਾ, ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਅੰਤ੍ਰਿੰਗ ਮੈਂਬਰ ਸ. ਸੁਰਜੀਤ ਸਿੰਘ ਗੜ੍ਹੀ, ਸ. ਸੁਰਜੀਤ ਸਿੰਘ ਤੁਗਲਵਾਲ, ਸ. ਗੁਰਪ੍ਰੀਤ ਸਿੰਘ ਝੱਬਰ, ਸ. ਦਲਜੀਤ ਸਿੰਘ ਭਿੰਡਰ, ਬੀਬੀ ਹਰਜਿੰਦਰ ਕੌਰ, ਸ. ਬਲਦੇਵ ਸਿੰਘ ਕਾਇਮਪੁਰ, ਸ. ਮੇਜਰ ਸਿੰਘ ਢਿੱਲੋਂ, ਸ. ਮੰਗਵਿੰਦਰ ਸਿੰਘ ਖਾਪੜਖੇੜੀ, ਡਾ. ਜੰਗ ਬਹਾਦਰ ਸਿੰਘ ਰਾਏ ਤੇ ਸ. ਮਿੱਠੂ ਸਿੰਘ ਕਾਹਨੇਕੇ, ਸ਼ਰੋਮਣੀ ਕਮੇਟੀ ਦੇ ਮੈਂਬਰ ਸ. ਸੁਰਜੀਤ ਸਿੰਘ ਭਿੱਟੇਵੱਡ, ਸ. ਬਾਵਾ ਸਿੰਘ ਗੁਮਾਨਪੁਰਾ, ਸ. ਫੁੰਮਣ ਸਿੰਘ, ਸ. ਨਵਤੇਜ ਸਿੰਘ ਕਾਉਣੀ, ਭਾਈ ਅਜੈਬ ਸਿੰਘ ਅਭਿਆਸੀ, ਸ. ਗੁਰਨਾਮ ਸਿੰਘ ਜੱਸਲ, ਸ. ਅਮਰੀਕ ਸਿੰਘ ਕੋਟਸ਼ਮੀਰ, ਬਾਬਾ ਬੂਟਾ ਸਿੰਘ, ਸ. ਦਰਸ਼ਨ ਸਿੰਘ ਸ਼ੇਰਖਾਂ, ਜਥੇਦਾਰ ਕੌਰ ਸਿੰਘ, ਸ. ਪ੍ਰੀਤਮ ਸਿੰਘ ਮਲਸੀਹਾਂ, ਬੀਬੀ ਜੋਗਿੰਦਰ ਕੌਰ, ਓਐਸਡੀ ਸਤਬੀਰ ਸਿੰਘ ਧਾਮੀ, ਸਕੱਤਰ ਸ. ਪ੍ਰਤਾਪ ਸਿੰਘ, ਸ. ਸੁਖਮਿੰਦਰ ਸਿੰਘ, ਵਧੀਕ ਸਕੱਤਰ ਸ. ਗੁਰਿੰਦਰ ਸਿੰਘ ਮਥਰੇਵਾਲ, ਸ. ਪ੍ਰੀਤਪਾਲ ਸਿੰਘ, ਨਿੱਜੀ ਸਕੱਤਰ ਸ. ਸਾਹਬਾਜ਼ ਸਿੰਘ, ਮੀਤ ਸਕੱਤਰ ਸ. ਗੁਰਨਾਮ ਸਿੰਘ, ਸ. ਹਰਭਜਨ ਸਿੰਘ ਵਕਤਾ, ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਐਕਸੀਅਨ ਸ. ਜਤਿੰਦਰਪਾਲ ਸਿੰਘ, ਸ. ਸੁਖਜਿੰਦਰ ਸਿੰਘ, ਕਾਨੂੰਨੀ ਸਲਾਹਕਾਰ ਸ. ਅਮਨਬੀਰ ਸਿੰਘ ਸਿਆਲੀ, ਇੰਚਾਰਜ ਸ. ਅਜਾਦਦੀਪ ਸਿੰਘ, ਸ. ਮੇਜਰ ਸਿੰਘ, ਸ. ਗੁਰਮੇਜ ਸਿੰਘ, ਆਦਿ ਮੌਜੂਦ ਸਨ।



# ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਦੇ ਸਮਾਗਮ ਸ਼ਰਧਾ ਅਤੇ ਵੈਰਾਗਮਈ ਮਾਹੌਲ 'ਚ ਹੋਏ ਸਮਾਪਤ

## ਗੁਰਦੁਆਰਾ ਸੀਸਗੰਜ ਸਾਹਿਬ ਵਿਖੇ 'ਸੀਸ ਸਸਕਾਰ ਦਿਵਸ' ਸਮਾਗਮਾਂ ਵਿਚ ਹਜਾਰਾਂ ਸੰਗਤਾਂ ਨੇ ਕੀਤੀ ਸ਼ਮੂਲੀਅਤ

## -ਦਿੱਲੀ ਤੋਂ ਚੱਲਿਆ 'ਸੀਸ ਮਾਰਗ ਨਗਰ ਕੀਰਤਨ' ਹਜ਼ਾਰਾਂ ਸੰਗਤਾਂ ਦੀ ਹਾਜ਼ਰੀ ਵਿਚ ਸ੍ਰੀ ਅਨੰਦਪੁਰ ਸਾਹਿਬ ਪੁੱਜ ਕੇ ਹੋਇਆ ਸੰਪੰਨ





ਸ੍ਰੀ ਅਨੰਦਪੁਰ ਸਾਹਿਬ-ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਅਤੇ ਉਨ੍ਹਾਂ ਨਾਲ ਸ਼ਹੀਦੀ ਪ੍ਰਾਪਤ ਕਰਨ ਵਾਲੇ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਸਬੰਧੀ ਸਮਾਗਮਾਂ ਦੀ ਸਮਾਪਤੀ ਅੱਜ ਗੁਰਦੁਆਰਾ ਸੀਸਗੰਜ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਚ ਰੂਹਾਨੀਅਤ ਭਰੇ ਮਾਹੌਲ ਵਿਚ ਹੋਈ। ਅੱਜ ਦੇ ਸਮਾਗਮ 'ਸੀਸ ਸਸਕਾਰ ਦਿਵਸ' ਵਜੋਂ ਗੁਰੂ ਸਾਹਿਬ ਦੀ ਲਾਸਾਨੀ ਕੁਰਬਾਨੀ ਦੀ ਸਦੀਵੀ ਯਾਦ ਵਜੋਂ ਮਨਾਏ ਗਏ। ਇਸ ਤੋਂ ਪਹਿਲਾਂ 'ਸੀਸ ਮਾਰਗ ਨਗਰ ਕੀਰਤਨ' ਗੁਰਦੁਆਰਾ ਬਿਬਾਨਗੜ੍ਹ ਸਾਹਿਬ ਸ੍ਰੀ ਕੀਰਤਪੁਰ ਸਾਹਿਬ ਤੋਂ ਚੱਲ ਕੇ ਗੁਰਦੁਆਰਾ ਸੀਸਗੰਜ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਹੁੰਚ ਕੇ ਸੰਪੰਨ ਹੋਇਆ। ਇਹ ਨਗਰ ਕੀਰਤਨ ਦਿੱਲੀ ਤੋਂ ਬੀਤੇ ਦਿਨੀ ਆਰੰਭ ਹੋਇਆ ਸੀ ਜੋ ਪੜਾਅ ਦਰ ਪੜਾਅ ਲੰਘੀ ਰਾਤ ਗੁਰਦੁਆਰਾ ਬਿਬਾਨਗੜ੍ਹ ਸਾਹਿਬ ਸ੍ਰੀ ਕੀਰਤਪੁਰ ਸਾਹਿਬ ਵਿਖੇ ਪੁੱਜਾ ਸੀ।

ਅੱਜ ਸ੍ਰੀ ਕੀਰਤਪੁਰ ਸਾਹਿਬ ਤੋਂ ਸ੍ਰੀ ਅਨੰਦਪੁਰ ਸਾਹਿਬ ਤੱਕ ਸਜਾਏ ਸੀਸ ਮਾਰਗ ਨਗਰ ਕੀਰਤਨ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਨੇ ਸ਼ਰਧਾ ਭਾਵ ਨਾਲ ਹਿੱਸਾ ਲਿਆ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਧਨੌਲਾ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਬਲਦੇਵ ਸਿੰਘ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ, ਤਰਨਾ ਦਲ ਹਰੀਆਂ ਵੇਲਾਂ ਦੇ ਮੁਖੀ ਬਾਬਾ ਨਿਹਾਲ ਸਿੰਘ, ਦਲ ਬਾਬਾ ਬਿਧੀ ਚੰਦ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ, ਤਰਨਾ ਦਲ ਬਾਬਾ ਬਕਾਲਾ ਸਾਹਿਬ ਦੇ ਮੁਖੀ ਬਾਬਾ ਜੋਗਾ ਸਿੰਘ, ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ, ਦਸ਼ਮੇਸ਼ ਤਰਨਾ ਦਲ ਦੇ ਮੁਖੀ ਬਾਬਾ ਮੇਜਰ ਸਿੰਘ ਸੋਢੀ ਸਮੇਤ ਹੋਰ ਪੰਥਕ ਹਸਤੀਆਂ ਨੇ ਹਾਜ਼ਰੀ ਭਰੀ।

ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਘੋੜਿਆਂ ਹਾਥੀਆਂ ਨਾਲ ਭਰਵੀਂ ਸ਼ਮੂਲੀਅਤ ਕੀਤੀ ਗਈ ਅਤੇ ਸਕੂਲਾਂ ਕਾਲਜਾਂ ਦੇ ਵਿਦਿਆਰਥੀਆਂ ਨੇ ਵੀ ਹੱਥਾਂ ਵਿਚ ਖਾਲਸਾਈ ਨਿਸ਼ਾਨ ਫੜ ਕੇ ਨਗਰ ਕੀਰਤਨ ਵਿਚ ਭਰਵੀਂ ਹਾਜ਼ਰੀ ਲਗਵਾਈ। ਭਾਈ ਜੈਤਾ ਜੀ ਵਲੋਂ ਗੁਰੂ ਸਾਹਿਬ ਦਾ ਪਾਵਨ ਸੀਸ ਦਿੱਲੀ ਤੋਂ ਸ੍ਰੀ ਅਨੰਦਪੁਰ ਸਾਹਿਬ ਲਿਆਉਣ ਦੀ ਯਾਦ ਵਿਚ ਇਹ ਨਗਰ ਕੀਰਤਨ ਸੰਗਤ ਨੂੰ ਭਾਵੁਕ ਕਰ ਰਿਹਾ ਸੀ। ਸੰਗਤਾਂ ਸ਼ਰਧਾ, ਸਮਰਪਣ ਅਤੇ ਵੈਰਾਗ ਦੀ ਭਾਵਨਾ ਨਾਲ ਸਤਿਨਾਮ ਵਾਹਿਗੁਰੂ ਦਾ ਉਚਾਰਨ ਕਰਦਿਆਂ ਨਾਲ-ਨਾਲ ਚੱਲ ਰਹੀਆਂ ਸਨ।

ਇਸੇ ਦੌਰਾਨ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਸਜੇ ਦੀਵਾਨ ਵਿਚ ਸ਼੍ਰੋਮਣੀ ਰਾਗੀ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ, ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਕਰਨੈਲ ਸਿੰਘ, ਭਾਈ ਸ਼ੌਕੀਨ ਸਿੰਘ ਅਤੇ ਭਾਈ ਕਾਰਜ ਸਿੰਘ ਦੇ ਜਥਿਆਂ ਨੇ ਸੰਗਤ ਨੂੰ ਗੁਰਬਾਣੀ ਕੀਰਤਨ ਨਾਲ ਜੋੜਿਆ, ਜਦੋਂਕਿ ਪੰਥ ਪ੍ਰਸਿੱਧ ਕਥਾਵਾਚਕ ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਨੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਜੀਵਨ ਅਤੇ ਸ਼ਹਾਦਤ ਦਾ ਅਦੁੱਤੀ ਬਿਰਤਾਂਤ ਸੰਗਤ ਨਾਲ ਸਾਂਝਾ ਕੀਤਾ।

ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦਾ ਸਮਾਗਮ ਸਿਰਫ਼ ਇੱਕ ਯਾਦਗਾਰ ਦਿਹਾੜਾ ਹੀ ਨਹੀਂ, ਸਗੋਂ ਧਰਮ ਇਨਸਾਨੀਅਤ ਅਤੇ ਨਿਆਂ ਦੀ ਰੱਖਿਆ ਲਈ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਵੱਲੋਂ ਦਿੱਤੀ ਗਈ ਸਰਬੋਤਮ ਕੁਰਬਾਨੀ ਨੂੰ ਹਿਰਦੇ ਵਿਚ ਵਸਾਉਣ ਅਤੇ ਗੁਰੂ ਸਾਹਿਬ ਦੇ ਉਪਦੇਸ਼ਾਂ ਅਨੁਸਾਰ ਜੀਵਨ ਜੀਣ ਦੀ ਇੱਕ ਪ੍ਰੇਰਨਾ ਵਜੋਂ ਹੈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ਼ਤਾਬਦੀ ਸਮਾਗਮਾਂ ਅਤੇ ਨਗਰ ਕੀਰਤਨਾਂ ਵਿਚ ਸਹਿਯੋਗ ਕਰਨ ਲਈ ਸਿੰਘ ਸਾਹਿਬਾਨ, ਤਖ਼ਤ ਸਾਹਿਬਾਨ ਦੇ ਜਥੇਦਾਰ ਸਾਹਿਬਾਨ, ਤਖ਼ਤ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ, ਸਮੂਹ ਨਿਹੰਗ ਸਿੰਘ ਦਲਾਂ, ਟਕਸਾਲਾਂ, ਸਿੱਖ ਜਥੇਬੰਦੀਆਂ, ਨਿਰਮਲੇ, ਉਦਾਸੀਨ ਸੰਪ੍ਰਦਾਵਾਂ, ਕਾਰਸੇਵਾ ਵਾਲੇ ਮਹਾਂਪੁਰਖਾਂ, ਲੰਗਰਾਂ ਲਈ ਸਹਿਯੋਗ ਕਰਨੀ ਵਾਲੀਆਂ ਸੰਸਥਾਵਾਂ, ਵੱਖ ਵੱਖ ਸੂਬਿਆਂ ਦੀਆਂ ਗੁਰਦੁਆਰਾ ਕਮੇਟੀਆਂ ਸਮੇਤ ਵੱਖ-ਵੱਖ ਧਰਮਾਂ ਦੇ ਲੋਕਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਉਨ੍ਹਾਂ ਅੱਗੋਂ ਵੀ ਸਿੱਖ ਸੰਸਥਾ ਨਾਲ ਸਹਿਯੋਗ ਦੀ ਆਸ ਵੀ ਪ੍ਰਗਟਾਈ।

ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸੰਬੋਧਨ ਕਰਦਿਆਂ ਨੌਵੇਂ ਪਾਤਸ਼ਾਹ ਜੀ ਦੇ ਸੀਸ ਸਸਕਾਰ ਦਿਵਸ ਮੌਕੇ ਗੁਰਦੁਆਰਾ ਬਿਬਾਣਗੜ੍ਹ ਸਾਹਿਬ ਸ੍ਰੀ ਕੀਰਤਪੁਰ ਸਾਹਿਬ ਤੋਂ ਗੁਰਦੁਆਰਾ ਸੀਸ ਗੰਜ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਤੱਕ ਹਰ ਸਾਲ ਨਗਰ ਕੀਰਤਨ ਸਜਾਉਣ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਸਿੱਖ ਜਥੇਬੰਦੀਆਂ ਵੱਲੋਂ ਆਏ ਸੁਝਾਅ ਅਨੁਸਾਰ ਇਹ ਨਗਰ ਕੀਰਤਨ ਹਰ ਸਾਲ ਗੁਰਦੁਆਰਾ ਬਿਬਾਣਗੜ੍ਹ ਸਾਹਿਬ ਸ੍ਰੀ ਕੀਰਤਪੁਰ ਸਾਹਿਬ ਤੋਂ ਸਵੇਰੇ 9 ਵਜੇ ਆਰੰਭ ਹੋਇਆ ਕਰੇਗਾ ਜੋ ਦੁਪਹਿਰ 1 ਵਜੇ ਗੁਰਦੁਆਰਾ ਸੀਸ ਗੰਜ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਪਹੁੰਚ ਕੇ ਜਪੁਜੀ ਸਾਹਿਬ ਤੇ ਕੀਰਤਨ ਸੋਹਿਲਾ ਸਾਹਿਬ ਦੇ ਪਾਠ ਉਪਰੰਤ ਅਰਦਾਸ ਨਾਲ ਸੰਪੂਰਨਤਾ ਹੋਇਆ ਕਰੇਗਾ।

ਜਥੇਦਾਰ ਗੜਗੱਜ ਨੇ ਕਿਹਾ ਕਿ ਅੱਜ ਦਾ ਇਕੱਠ ਇਹ ਦਰਸਾ ਰਿਹਾ ਹੈ ਕਿ ਸਿੱਖ ਦਾ ਮੁੱਖ ਅੱਜ ਵੀ ਗੁਰੂ ਵੱਲ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਸਾਡੀ ਪਹਿਚਾਣ ਨੂੰ ਜ਼ਜ਼ਬ ਕਰਨ ਦੀ ਸੋਚ ਰੱਖਦਾ ਹੈ ਉਹ ਇਹ ਜ਼ਰੂਰ ਯਾਦ ਰੱਖੇ ਕਿ ਇਹ ਗੁਰੂ ਤੇਗ ਬਹਾਦਰ ਸਾਹਿਬ ਦੇ ਵਾਰਸ ਹਨ। ਉਨ੍ਹਾਂ ਸੰਗਤਾਂ ਨੂੰ ਗੁਰੂ ਸਾਹਿਬ ਦੇ ਉਪਦੇਸ਼ਾਂ ਅਨੁਸਾਰ ਜੀਵਨ ਜਿਊਣ ਦੀ ਪ੍ਰੇਰਨਾ ਵੀ ਕੀਤੀ।

ਨਗਰ ਕੀਰਤਨ ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਪਰਵਿੰਦਰਪਾਲ ਸਿੰਘ, ਤਖ਼ਤ ਸ੍ਰੀ ਪਟਨਾ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਗੁਰਦਿਆਲ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ, ਗਿਆਨੀ ਹਰਪਾਲ ਸਿੰਘ ਮੁੱਖ ਗ੍ਰੰਥੀ ਗੁਰਦੁਆਰਾ ਫਤਹਿਗੜ੍ਹ ਸਾਹਿਬ, ਭਾਈ ਮਹਿੰਦਰ ਸਿੰਘ ਨਿਸ਼ਕਾਮ ਸੇਵਕ ਜਥਾ ਯੂਕੇ, ਬਾਬਾ ਨਰਿੰਦਰ ਸਿੰਘ ਹਜ਼ੂਰ ਸਾਹਿਬ ਵਾਲੇ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਵੱਲੋਂ ਬਾਬਾ ਗੁਰਮੀਤ ਸਿੰਘ, ਬਾਬਾ ਲੱਖਾ ਸਿੰਘ ਨਾਨਕਸਰ, ਬਾਬਾ ਸੁੱਖਾ ਸਿੰਘ ਸਰਿਹਾਲੀ, ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਡਾ. ਦਲਜੀਤ ਸਿੰਘ ਚੀਮਾ, ਸ. ਮਹੇਸ਼ਇੰਦਰ ਸਿੰਘ ਗਰੇਵਾਲ, ਸ. ਦਰਬਾਰਾ ਸਿੰਘ ਗੁਰੂ, ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ, ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਅੰਤ੍ਰਿਗ ਕਮੇਟੀ ਮੈਂਬਰ ਸ. ਦਲਜੀਤ ਸਿੰਘ ਭਿੰਡਰ, ਸ. ਗੁਰਪ੍ਰੀਤ ਸਿੰਘ ਝੱਬਰ, ਸ. ਮੰਗਵਿੰਦਰ ਸਿੰਘ ਖਾਪੜਖੇੜੀ, ਸ. ਸੁਰਜੀਤ ਸਿੰਘ ਤੁਗਲਵਾਲ, ਬੀਬੀ ਹਰਜਿੰਦਰ ਕੌਰ, ਡਾ. ਜੰਗ ਬਹਾਦਰ ਸਿੰਘ ਰਾਏ, ਸ. ਬਲਦੇਵ ਸਿੰਘ ਕਾਇਮਪੁਰ, ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਭਾਈ ਗੁਰਚਰਨ ਸਿੰਘ ਗਰੇਵਾਲ, ਸ. ਸੁਰਜੀਤ ਸਿੰਘ ਭਿੱਟੇਵੱਡ, ਸ. ਪਰਮਜੀਤ ਸਿੰਘ ਲੱਖੇਵਾਲ, ਸ. ਰਣਜੀਤ ਸਿੰਘ ਕਾਹਲੋਂ, ਸ. ਅਵਤਾਰ ਸਿੰਘ ਰਿਆ, ਸ. ਫੁੰਮਣ ਸਿੰਘ, ਸ. ਜਰਨੈਲ ਸਿੰਘ ਡੋਗਰਾਂਵਾਲ, ਸ. ਗੁਰਬਖਸ਼ ਸਿੰਘ ਖਾਲਸਾ, ਸ. ਕੇਵਲ ਸਿੰਘ ਬਾਦਲ, ਸ. ਸਤਪਾਲ ਸਿੰਘ ਤਲਵੰਡੀ ਭਾਈ, ਭਾਈ ਅਜੈਬ ਸਿੰਘ ਅਭਿਆਸੀ, ਸ. ਅਮਰੀਕ ਸਿੰਘ ਕੋਟਸ਼ਮੀਰ, ਸ. ਬਲਜੀਤ ਸਿੰਘ ਜਲਾਲਉਸਮਾ, ਸ. ਅਮਰਜੀਤ ਸਿੰਘ ਭਲਾਈਪੁਰ, ਬਾਬਾ ਬੂਟਾ ਸਿੰਘ ਗੁਰਥੜੀ, ਬਾਬਾ ਗੁਰਮੀਤ ਸਿੰਘ ਤ੍ਰਿਲੋਕੇਵਾਲਾ, ਬੀਬੀ ਜੋਗਿੰਦਰ ਕੌਰ, ਓ.ਐਸ.ਡੀ. ਸ. ਸਤਬੀਰ ਸਿੰਘ ਧਾਮੀ, ਸਕੱਤਰ ਸ. ਪ੍ਰਤਾਪ ਸਿੰਘ, ਇੰਜੀ ਸੁਖਮਿੰਦਰ ਸਿੰਘ, ਸ. ਬਲਵਿੰਦਰ ਸਿੰਘ ਕਾਹਲਵਾਂ, ਵਧੀਕ ਸਕੱਤਰ ਸ. ਗੁਰਿੰਦਰ ਸਿੰਘ ਮਥਰੇਵਾਲ, ਸ. ਬਿਜੈ ਸਿੰਘ, ਨਿੱਜੀ ਸਕੱਤਰ ਸ਼ਾਹਬਾਜ਼ ਸਿੰਘ, ਮੀਤ ਸਕੱਤਰ ਸ. ਜਸਵਿੰਦਰ ਸਿੰਘ ਜੱਸੀ, ਸ. ਗੁਰਦਿਆਲ ਸਿੰਘ, ਸ. ਬਲਵਿੰਦਰ ਸਿੰਘ ਖੈਰਾਬਾਦ, ਸ. ਗੁਰਨਾਮ ਸਿੰਘ, ਸ. ਹਰਭਜਨ ਸਿੰਘ ਵਕਤਾ, ਸ. ਮਨਜੀਤ ਸਿੰਘ ਤਲਵੰਡੀ, ਸ. ਸੁਖਬੀਰ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਕਥਾਵਾਚਕ ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ, ਗਿਆਨੀ ਬਲਬੀਰ ਸਿੰਘ ਚੰਗਿਆੜਾ, ਬਾਬਾ ਦਰਸ਼ਨ ਸਿੰਘ ਟਾਹਲਾ ਸਾਹਿਬ, ਬਾਬਾ ਸਤਨਾਮ ਸਿੰਘ ਕਿਲ੍ਹਾ ਅਨੰਦਗੜ੍ਹ ਸਾਹਿਬ, ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵੱਲੋਂ ਬਾਬਾ ਗੁਰਪ੍ਰੀਤ ਸਿੰਘ, ਬਾਬਾ ਸੁਰਜਨ ਸਿੰਘ, ਬਾਬਾ ਅਵਤਾਰ ਸਿੰਘ ਧੱਤਲ, ਬਾਬਾ ਅਮਨਦੀਪ ਸਿੰਘ ਅੰਮ੍ਰਿਤਸਰ, ਬਾਬਾ ਨਾਗਰ ਸਿੰਘ ਹਰੀਆਂ ਵੇਲਾਂ, ਬਾਬਾ ਬਲਦੇਵ ਸਿੰਘ ਵੱਲ੍ਹਾ, ਬਾਬਾ ਬਲਦੇਵ ਸਿੰਘ ਮੁਸਤਾਫਾਪੁਰ, ਬਾਬਾ ਸਤਨਾਮ ਸਿੰਘ ਖਾਪੜਖੇੜੀ, ਬਾਬਾ ਪ੍ਰਗਟ ਸਿੰਘ ਮਜੀਠਾ ਰੋਡ, ਬਾਬਾ ਜਸਪਾਲ ਸਿੰਘ ਮੁਕਤਸਰ, ਬਾਬਾ ਕਸ਼ਮੀਰ ਸਿੰਘ ਬਟਾਲਾ, ਬਾਬਾ ਗੁਰਮੇਜ ਸਿੰਘ, ਬਾਬਾ ਸ਼ਮਸ਼ੇਰ ਸਿੰਘ, ਬਾਬਾ ਬਲਕਾਰ ਸਿੰਘ, ਬਾਬਾ ਹਰਜਿੰਦਰ ਸਿੰਘ, ਬਾਬਾ ਬਲਵਿੰਦਰ ਸਿੰਘ ਮਹਿਤਾ ਚੌਂਕ, ਬਾਬਾ ਜੋਗਾ ਸਿੰਘ ਕਰਨਾਲ, ਬਾਬਾ ਅਵਤਾਰ ਸਿੰਘ ਟਿੱਬੀ ਸਾਹਿਬ ਵਾਲੇ, ਬਾਬਾ ਜਰਨੈਲ ਸਿੰਘ, ਬਾਬਾ ਨੌਨਿਹਾਲ ਸਿੰਘ, ਗੁਰਦੁਆਰਾ ਪਾਉਂਟਾ ਸਾਹਿਬ ਦੇ ਮੈਨੇਜਰ ਸ. ਜਗੀਰ ਸਿੰਘ, ਸਵਾਮੀ ਜੀ ਹੁਸ਼ਿਆਰਪੁਰ ਵਾਲੇ, ਬਾਬਾ ਗੁਰਦੇਵ ਸਿੰਘ, ਪ੍ਰਿੰਸੀਪਲ ਡਾ ਜਸਵੀਰ ਸਿੰਘ, ਸੁਪਰਡੈਂਟ ਸ. ਨਿਸ਼ਾਨ ਸਿੰਘ, ਸ. ਮਲਕੀਤ ਸਿੰਘ ਬਹਿੜਵਾਲ, ਇੰਚਾਰਜ ਸ. ਮੇਜ਼ਰ ਸਿੰਘ, ਸ. ਗੁਰਮੇਜ ਸਿੰਘ, ਸ. ਬਲਦੇਵ ਸਿੰਘ, ਸ. ਜਗਦੀਸ਼ ਸਿੰਘ ਬੁੱਟਰ ਚੀਫ 85, ਮੈਨੇਜਰ ਸ. ਸਤਨਾਮ ਸਿੰਘ ਰਿਆੜ, ਸ. ਸਤਿੰਦਰ ਸਿੰਘ, ਸ. ਜਸਪਾਲ ਸਿੰਘ ਢੱਡੇ, ਸ. ਨਿਸ਼ਾਨ ਸਿੰਘ ਜ਼ਫਰਵਾਲ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਸ. ਗੁਰਦੀਪ ਸਿੰਘ ਕੰਗ, ਸ. ਰਣਜੀਤ ਸਿੰਘ, ਤਖਤ ਸ੍ਰੀ ਦਮਦਮਾ ਸਹਿਬ ਦੇ ਮੈਨੇਜਰ ਸ. ਨਰਿੰਦਰਜੀਤ ਸਿੰਘ ਭਵਾਨੀਗੜ੍ਹ, ਸ. ਗੁਰਪ੍ਰੀਤ ਸਿੰਘ, ਸ. ਸਤਨਾਮ ਸਿੰਘ ਗੋਸਲ, ਸ. ਸੁਰਜੀਤ ਸਿੰਘ ਬਰਨਾਲਾ, ਵਧੀਕ ਮੈਨੇਜਰ ਸ. ਹਰਦੇਵ ਸਿੰਘ ਐਡਵੋਕੇਟ, ਸ. ਸੰਦੀਪ ਸਿੰਘ ਕਲੋਤਾ, ਸ. ਅਮਰਜੀਤ ਸਿੰਘ ਜਿੰਦਵੜੀ, ਹੈੱਡ ਪ੍ਰਚਾਰਕ ਭਾਈ ਜਗਦੇਵ ਸਿੰਘ, ਭਾਈ ਸਰਬਜੀਤ ਸਿੰਘ ਢੋਟੀਆਂ, ਭਾਈ ਬਲਵੰਤ ਸਿੰਘ ਐਨੋਕੋਟ, ਭਾਈ ਸਰਬਜੀਤ ਸਿੰਘ ਲੁਧਿਆਣਾ ਆਦਿ ਵੀ ਹਾਜ਼ਰ ਸਨ।

ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ
ਖ਼ਾਲਸਾ ਅਖ਼ਬਾਰ
ਦੀ ਸ਼ੁਰੂਆਤ ਕੀਤੀ ਗਈ ਹੈ।



ਇਸ ਵਿਚ ਸਿੱਖ ਰਹਿਤ ਮਰਯਾਦਾ, ਸਿੱਖ ਇਤਿਹਾਸ, ਸਿੱਖ ਸਿਧਾਂਤਾਂ ਅਤੇ ਸਿੱਖ ਸਰਗਰਮੀਆਂ ਸੰਬੰਧਿਤ ਵਿਦਵਾਨਾਂ ਦੇ ਲੇਖ ਸੰਗਤ ਨੂੰ ਪੜ੍ਹਨ ਨੂੰ ਮਿਲਣਗੇ।

For More Information
Scan linktree QR Code

ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ!